# ‘ਰਾਗ’-‘ਨਾਦ’ ਦੁਆਰਾ ਸੰਗਤ

‘ਰਾਗ’-‘ਨਾਦ’-‘ਧੁਨੀ’—ਇਲਾਹੀ ਕਵਾਉ, ਸਬਦ, ਨਾਮ, ਬਾਣੀ ਦੀ ਅਤਿ ਸੂਖਮ **‘ਥਰਥਰਾਹਟ’ ਯਾ ਲਰਜ਼ਰਾਹਟ’** (subtle vibrations) ਹਨ, ਜਿਸ ਨੂੰ ਗੁਰਬਾਣੀ ਵਿਚ —

‘ਅਨਹਦ ਧੁਨੀ’
‘ਅਨਹਦ ਨਾਦ’
‘ਅਨਹਦ ਸਬਦ’
‘ਅਨਹਦ ਧੁਨਕਾਰ’
‘ਰੁਣਝੁਣ’
‘ਸਹਜ ਧੁਨ’

ਆਦਿ ਲਫ਼ਜ਼ਾਂ ਨਾਲ ਦਰਸਾਇਆ ਗਿਆ ਹੈ।

ਇਹ ਆਤਮਿਕ ‘ਥਰਥਰਾਹਟ’ —**ਇਲਾਹੀ ਮੰਡਲ ਦੀ ‘ਅਬੋਲ ਬੋਲੀ’ ਹੈ।** ਇਸ ‘ਲਰਜ਼ਰਾਹਟ’, ਅਨਹਦ ਰਾਗ’ ਅਥਵਾ ‘ਅਨਹਦ ਧੁਨੀ’ ਦੁਆਰਾ ਹੀ ਆਤਮਿਕ ਮੰਡਲ ਵਿਚ ਇਲਾਹੀ ‘ਹੁਕਮ’ ਅਥਵਾ **ਸਬਦ ਦਾ ਪ੍ਰਗਟਾਵਾ** ਅਤੇ **‘ਨਾਮ’ ਦਾ ਪ੍ਰਕਾਸ਼** ਹੁੰਦਾ ਹੈ।

ਸਾਡੇ ਅੰਤ੍ਰ-ਆਤਮੇ ਰੱਬੀ ਜੋਤ ਦਾ ਪ੍ਰਵੇਸ਼ ਹੈ ਜਿਸ ਕਾਰਨ **ਇਲਾਹੀ ‘ਰਾਗ’** ਦੀ ਦਾਤ ਭੀ ਸਾਨੂੰ **‘ਵਿਰਾਸਤ’ ਵਿਚ ਮਿਲੀ ਹੈ।** ਇਸੇ ਕਾਰਨ ਹਰ ਇਕ ਜੀਵ ਆਪੋ-ਆਪਣੀ ਮਾਨਸਿਕ ਅਵਸਥਾ ਅਨੁਸਾਰ ਕਿਸੇ ਨ ਕਿਸੇ ਸਤਹ ਉਤੇ **‘ਰਾਗ’ ਦੀ ਖਿੱਚ ਖਾਂਦੇ, ਰਸ ਮਾਣਦੇ ਅਤੇ ‘ਸੰਗਤ’ ਕਰਦੇ ਹਨ।**

ਜਾਨਵਰ ਭੀ ‘ਰਾਗ’ ਦਾ ਅਸਰ ਲੈਂਦੇ ਅਤੇ ਮਾਣਦੇ ਹਨ, ਜਿਹਾ ਕਿ—

ਸ੍ਰੀ ਕ੍ਰਿਸ਼ਨ ਜੀ ਮਹਾਰਾਜ ਜਦ ਜੰਗਲ ਵਿਚ ਬੰਸਰੀ ਵਜਾਉਂਦੇ ਸਨ ਤਾਂ ਜੰਗਲ ਦੇ ਹਰ ਕਿਸਮ ਦੇ ਜਾਨਵਰ ਭੀ **‘ਰਾਗ’ ਦੀ ਧੁਨੀ ਦੇ ਖਿੱਚੇ ਹੋਏ ਇਕੱਠੇ ਹੋ ਜਾਂਦੇ ਸਨ।**





# Company through ‘Music’-‘sound’

Music, ‘sound current, melody is the subtle vibration of divine utterance, word Naam, bani which is referred to in Gurbani as –

‘unstruck melody’
‘unstruck sound-current’
‘unstruck word’
‘unstruck incessant tone’
‘spontaneous melody’.

This spiritual vibration is the voiceless-voice of the divine realm. It is through this ‘subtle vibration’s’ unstruck ‘melody’ or unstruck ‘sound current’ that the illumination of the manifestation of the divine shabad and Naam takes place in the divine realm.

In our innate self within Light of the Lord is present, which is the reason why we have received the gift of the spiritual ‘melody’ as our heritage. For the same reason each and every person according to his mental state at some level or other experiences the pull of music, enjoys it and keeps its company.

Animals too are influenced by ‘music’ and enjoy it, for instance –

When Sri Krishan Ji Maharaj was playing the flute in the jungle, every type of animal, attracted by the ‘music’ used to come together.

ਸਰਪ ਜੈਸਾ ਜ਼ਹਿਰੀਲਾ ਜਾਨਵਰ ਭੀ 'ਬੀਨ' ਦੇ 'ਰਾਗ' ਦੇ ਅਸਰ ਹੇਠ **ਮੇਲਣ ਲਗ ਪੈਂਦਾ ਹੈ।**

ਹਿਰਨ 'ਘੰਡੇ ਹੇੜੇ' ਦੀ 'ਧੁਨੀ' ਕਰਕੇ ਸੁਧ-ਬੁਧ ਭੁਲ ਕੇ **ਖਿੱਚਿਆ ਜਾਂਦਾ ਹੈ।**

ਇਸ ਲਈ 'ਰਾਗ' ਵਰਗੀ ਦੈਵੀ ਦਾਤ ਦਾ ਜੀਵ ਉਤੇ ਇਤਨਾ ਗਹਿਰਾ ਅਸਰ ਹੁੰਦਾ ਹੈ ਕਿ ਉਸ ਨੂੰ ਆਪਣਾ **ਆਪਾ ਭੁਲ ਜਾਂਦਾ ਹੈ** ਅਤੇ ਉਹ 'ਰਾਗ' ਦੀਆਂ **ਸੂਖਮ ਤਰੰਗਾਂ ਦੀਆਂ ਲਹਿਰਾਂ ਉਤੇ ਉਡਾਰੀਆਂ ਲਾਉਣ ਲਗ ਪੈਂਦਾ ਹੈ ਤੇ ਇਲਾਹੀ 'ਛੋਹ' ਪ੍ਰਾਪਤ ਕਰਦਾ ਹੈ।**

'ਰਾਗ' **ਇਲਾਹੀ ਮੰਡਲ ਦੀ 'ਵਸਤੂ' ਹੈ,** ਇਸ ਲਈ ਇਸ ਵਿਚ ਦਾਮਨਿਕ ਸ਼ਕਤੀ ਭੀ ਕੰਮ ਕਰਦੀ ਹੈ, ਜਿਸ ਦੇ ਅਸਰ ਹੇਠ ਜੀਵ—

ਅਪਣਾ ਆਪਾ ਭੁਲ ਜਾਂਦੇ ਹਨ,
ਬਿਸਮਾਦ ਹੋ ਜਾਂਦੇ ਹਨ,
ਆਤਮਿਕ ਮੰਡਲਾਂ ਵਿਚ ਉਡਾਰੀਆਂ ਲਾਉਂਦੇ ਹਨ,
ਆਤਮਿਕ 'ਛੋਹ' ਪ੍ਰਾਪਤ ਕਰਦੇ ਹਨ,
ਰਹਿਸ-ਮਈ ਭਾਵਨਾ ਵਿਚ ਤਾਰੀਆਂ ਲਾਉਂਦੇ ਹਨ,
ਬਿਨ ਬੱਦਲ ਵਰਖਾ ਹੋ ਸਕਦੀ ਹੈ,
ਬਿਨ 'ਬਾਲਣ' ਅੱਗ ਲਗ ਸਕਦੀ ਹੈ,
ਲੋਹਾ ਅਤੇ ਪੱਥਰ ਪਿਘਲ ਸਕਦੇ ਹਨ,

ਆਦਿ, **ਅਨੇਕਾਂ ਕ੍ਰਿਸ਼ਮੇ ਵਰਤਦੇ ਹਨ।**

ਇਸੇ ਕਾਰਨ ਗੁਰੂ ਸਾਹਿਬਾਂ ਨੇ ਗੁਰਬਾਣੀ ਨੂੰ 'ਰਾਗਾਂ' ਵਿਚ ਅਲਾਪਿਆ **ਹੈ ਅਤੇ** ਸਾਨੂੰ ਭੀ **'ਰਾਗਾਂ' ਵਿਚ ਕੀਰਤਨ ਕਰਨ ਦਾ ਤਾਕੀਦੀ ਹੁਕਮ ਹੈ।**

ਇਸ 'ਰਾਗ' ਅਥਵਾ 'ਧੁਨੀ' ਦੇ ਦੋ ਸਰੂਪ ਹਨ—

1. **ਅਨਹਦ 'ਰਾਗ'** ਅਥਵਾ **ਅਨਹਦ 'ਧੁਨੀ'** :—ਇਹ ਆਤਮਿਕ ਮੰਡਲ ਵਿਚ **'ਅਨਹਦ ਸਬਦ' ਦੁਆਰਾ ਸਦੀਵ ਵੱਜਦੀ ਰਹਿੰਦੀ ਹੈ।**

ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥ (ਪੰਨਾ-੬੨)

**ਅਨਹਦ ਸਬਦੁ ਵਜੈ ਦਿਨੁ ਰਾਤੀ ॥**
ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥ (ਪੰਨਾ-੯੦੪)

ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥ (ਪੰਨਾ-੧੦੬੯)

ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥ (ਪੰਨਾ-੧੦੩੩)



A poisonous animal such as a snake too, under the influence of the flute's music begins to sway.

The deer too, under the influence of……..music loses its senses and gets pulled.

This is why a divine gift like music has such a deep influence on man that he forgets his own self
and he begins to ride on the rays of the subtle waves and attains the divine 'touch'.

'Music' is the 'thing' of the divine sphere. That is why a dynamic force operates within it. Under its influence man –

forgets his own self,
becomes wondrously overwhelmed
takes a flight in the divine realms
attains the divine 'touch'
dives deep into feelings of ecstasy
(knows that) without clouds rain can fall
(realises that) without cinder fire can start
(recognises that) iron and stone can melt

etc. and numerous miracles take place.

It is for this reason that Guru Ji has set Gurbani into music and has issued a mandatory hukam or command to do kirtan in Raag.

This 'music' or 'melody' has two forms –

1 Unstruck 'music' or unstruck 'melody':- This keeps resounding incessantly in the spiritual realm through 'unstruck *shabad* or word'.

1 *In each and every heart the Music of the Lord's Flute vibrates, night and day, with sublime love for the Shabad. 62*

2 *The unstruck sound current of the Shabad vibrates day and night.*
*The Gurmukh knows the state of the eternal, unchanging Lord God. 904*

3 *The unstruck sound current of the Shabad vibrates and resounds there, with the melody of the Guru's Bani; one is easily, intuitively absorbed in the Lord.1069*

4 *The sweet, melodious, unstruck sound current vibrates continuously in the home of the fearless Lord. 1033*

ਇਹ ਆਤਮਿਕ **ਅਬੋਲ-ਬੋਲੀ ਸਾਡੇ ਸਰੀਰਕ ਕੰਨਾਂ ਨਾਲ ਨਹੀਂ ਸੁਣੀ ਜਾ ਸਕਦੀ**—ਕਿਉਂਕਿ ਇਹ ਅਤਿ ਸੂਖਮ ਆਤਮਿਕ ਮੰਡਲ ਦੀ 'ਵਸਤੂ' ਹੈ ਜੋ ਸਿਰਫ਼ **'ਅਨੁਭਵ' ਦੁਆਰਾ ਹੀ ਸੁਣੀ ਅਤੇ ਮਾਣੀ ਜਾ ਸਕਦੀ ਹੈ।**

ਜਦ ਸਾਡਾ ਦੈਵੀ ਮਨ ਇਸ 'ਅਨਹਦ ਰਾਗ' ਯਾ 'ਧੁਨੀ' ਨੂੰ **ਅਨੁਭਵ ਕਰਦਾ ਹੈ** ਤਾਂ ਉਸ ਅਨਹਦ ਰਾਗ ਯਾ ਧੁਨੀ ਨਾਲ **'ਸੰਗਤ' ਕਰਦਾ ਹੈ, ਰਸ ਮਾਣਦਾ ਹੈ ਅਤੇ ਬਿਸਮਾਦ ਹੁੰਦਾ ਹੈ।**

ਅੰਦਰਲਾ 'ਅਨਹਦ ਰਾਗ' ਤਾਂ ਆਪੂੰ **ਸਹਜ-ਸੁਭਾਇ ਲਗਾਤਾਰ ਇਲਾਹੀ ਹੁਕਮ ਵਿਚ ਵੱਜਦਾ ਰਹਿੰਦਾ ਹੈ** ਤੇ ਇਸ ਲਈ ਕੋਈ 'ਸਾਜ' ਯਾ 'ਗਵੱਈਏ' ਦੀ **ਲੋੜ ਨਹੀਂ।**

ਅਣਮੜਿਆ ਮੰਦਲੁ ਬਾਜੈ ॥
ਬਿਨੁ ਸਾਵਣ ਘਨਹਰੁ ਗਾਜੈ ॥ (ਪੰਨਾ-੬੫੭)

ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗਰੀ ਵਜਾਇ ॥ (ਪੰਨਾ-੯੦੯)

2. ਦੂਜੇ ਪਾਸੇ ਇਸ ਤ੍ਰੈਗੁਣੀ ਮਾਇਕੀ ਮੰਡਲ ਵਿਚ ਸਾਡੇ ਠੁੱਲ੍ਹੇ **ਕੰਨਾਂ** ਨੂੰ ਸਿਰਫ਼ ਬਾਹਰਲੇ ਰਾਗ ਦੀ 'ਟੂੰ-ਟਾਂ' ਹੀ ਸੁਣਦੀ ਹੈ ਅਤੇ ਇਸੇ ਵਿਚ ਹੀ ਸਾਡਾ ਮਨ ਮਸਤ ਹੋ ਜਾਂਦਾ ਹੈ।

ਇਹ **'ਰਾਗ' ਦਾ ਬਾਹਰਲਾ ਸਰੂਪ,** ਅੰਦਰਲੇ 'ਅਨਹਦ ਰਾਗ' ਦਾ **ਅਕਸ** ਯਾ **ਪ੍ਰਤਿਬਿੰਬ** ਹੀ ਹੈ। ਜਿਸ ਦੀਆਂ ਕਈ ਕਿਸਮਾਂ ਦੀਆਂ ਤਰੰਗਾਂ ਨੂੰ ਨਿਖੇੜ ਕੇ ਰਾਗਾਂ ਦੇ ਕਈ ਨਾਮ ਰਖੇ ਗਏ ਹਨ, ਜਿਹਾ ਕਿ—ਸ੍ਰੀ ਰਾਗ, ਸੋਰਠ ਰਾਗ, ਆਸਾ ਰਾਗ, ਰਾਮਕਲੀ ਰਾਗ ਆਦਿ।

**ਬਾਹਰਲੇ** 'ਰਾਗ' ਕਈ **ਚੰਗੀਆਂ-ਮਾੜੀਆਂ** ਭਾਵਨਾਵਾਂ ਨਾਲ ਗਾਏ ਜਾਂਦੇ ਹਨ, ਜਿਹਾ ਕਿ :—

ਹਰੀ ਦੇ ਗੁਣ ਗਾਉਣ ਲਈ,
ਮਨ ਪਰਚਾਉਣ ਲਈ,
ਨੀਵੀਆਂ ਰੁਚੀਆਂ ਦੀ ਉਕਸਾਹਟ ਲਈ,
ਫਿਲਮੀ ਗਾਣਿਆਂ ਲਈ,
ਮਾਇਆ ਕਮਾਉਣ ਲਈ,
ਲੋਕਾਂ ਨੂੰ ਰਿਝਾਉਣ ਲਈ,
'ਵਾਹ-ਵਾਹ' ਅਖਵਾਉਣ ਲਈ, ਆਦਿ।

ਜਦ ਅਸੀਂ ਇਹਨਾਂ 'ਰਾਗਾਂ' ਦੁਆਰਾ ਹਰੀ ਦੇ ਗੁਣ ਗਾਉਂਦੇ ਹਾਂ, ਤਾਂ 'ਰਾਗ' **ਸਤਸੰਗ ਕਰਨ ਦਾ ਸੋਹਣਾ ਵਸੀਲਾ ਬਣ ਜਾਂਦਾ ਹੈ।** ਇਸ ਤਰ੍ਹਾਂ **'ਰਾਗ' ਦੁਆਰਾ ਹਰੀ ਦੇ ਗੁਣ ਗਾਉਣੇ, ਪਰਮਾਰਥ ਦਾ ਸਭ ਤੋਂ ਸੌਖਾ, ਕਾਰਗਰ, ਰਸਦਾਇਕ, ਰਹਿਸ-ਮਈ 'ਸਾਧਨ' ਹੋ ਜਾਂਦਾ ਹੈ।**



This spiritual voiceless voice cannot be heard with our physical ears – because it is a 'thing' of the subtle spiritual world which can only be heard through intuition.

When our virtuous mind senses this 'unstruck music' or 'sound-current' he is then communing with the unstruck music or sound-current and experiencing wondrousness.

The internal 'unstruck music' by itself, spontaneously, continuously keeps resounding within (the ambit of) divine hukam or command' and there is no need for some 'instrument' or 'vocalist'.

1 *The skinless drum plays.*
*Without the rainy season, the clouds shake with thunder.* 657

2 *So play the harp which vibrates without being played, Yogi.* 909

2 On the other side, in the three phased materialistic world, our course ears can only hear the 'noise' of the external music in which we become intoxicated.

The external form of this 'music' is the reflection or symbol of the 'unstruck music' within. The various types of waves here are further split and the (resultant) ragas or music given many different names; for example Sri Raag, Sorath Raag, Asa Raag, Ramkali Raag etc.

The external 'raags' are sung with feeling that can be good or bad. As an example for:-

singing praises of God,
singing to satisfy the mind
wanting to incite low or base sensual tendencies
wanting to sing film songs
wanting to earn money
wanting to satisfy people
wanting praise or approval etc.

When we sing the praises of the Lord with these raags or music then raags become the beautiful medium of communing. In this way, the easiest, effective, satisfying, enjoyable, gratifying 'method' of singing the praises of the Lord is through 'raags'.

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥ (ਪੰਨਾ-੩੧੧)

ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ ॥ (ਪੰਨਾ-੬੪੨)

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥
ਧੰਨੁ ਸੁ ਜੰਤ ਸੁਹਾਵੜੇ ਜੋ ਗੁਰਮੁਖਿ ਜਪਦੇ ਨਾਉ ॥ (ਪੰਨਾ-੯੫੮)

ਦੂਜੇ ਪਾਸੇ ਜੇ ਅਸੀਂ 'ਰਾਗ' ਨੂੰ ਕਿਸੇ ਸੁਆਰਥ ਲਈ ਅਥਵਾ ਨੀਵੀਆਂ ਰੁਚੀਆਂ **ਦੀ** ਉਕਸਾਹਟ ਲਈ ਵਰਤਦੇ ਹਾਂ, ਤਾਂ ਇਸ ਰੱਬੀ ਦਾਤ ਦੀ **'ਕੁਵਰਤੋਂ' ਕਰਦੇ ਹਾਂ।** ਇਸ ਤਰ੍ਹਾਂ 'ਰਾਗ' ਨੂੰ **ਨੀਵੀਆਂ ਭਾਵਨਾਵਾਂ ਦੀ ਪੂਰਤੀ ਲਈ ਵਰਤਣਾ 'ਕੁਸੰਗਤ' ਕਰਨਾ ਹੈ**– ਜੋ ਸਾਡੇ **ਆਤਮ ਪੰਧ ਵਿਚ ਹਾਨੀਕਾਰਕ ਅਤੇ ਪਿਛਾਂਹ-ਖਿੱਚੂ ਹੈ।**

ਗੀਤ ਰਾਗ ਘਨ ਤਾਲ ਸਿ ਕੂਰੇ ॥
ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ (ਪੰਨਾ-੮੩੨)

ਦੂਜੈ ਭਾਇ ਬਿਲਾਵਲੁ ਨ ਹੋਵਈ ਮਨਮੁਖਿ ਥਾਇ ਨ ਪਾਇ ॥ (ਪੰਨਾ-੮੪੯)

**ਰਾਗਿ ਨਾਦਿ ਮਨੁ ਦੂਜੈ ਭਾਇ ॥**
**ਅੰਤਰਿ ਕਪਟੁ ਮਹਾ ਦੁਖੁ ਪਾਇ ॥** (ਪੰਨਾ-੧੩੪੨)

ਨੋਟ : ਗੁਰਬਾਣੀ ਵਿਚਾਰੁ ਦੀ ਲੜੀ ਦੇ ਲੇਖ ਨੰ: 6 ਵਿਚ **'ਰਾਗ'-'ਨਾਦ'–'ਧੁਨੀ'** ਬਾਬਤ ਖੋਲ ਕੇ ਵਿਆਖਿਆ ਕੀਤੀ ਗਈ ਹੈ ।

ਜਿਸ ਤਰ੍ਹਾਂ ਪਾਣੀ ਦਾ ਬੁਲਬੁਲਾ **'ਹਵਾ'** ਦੁਆਰਾ ਪਾਣੀ ਵਿਚੋਂ ਉਪਜਦਾ ਹੈ ਅਤੇ ਪਾਣੀ ਦਾ ਰੂਪ ਹੀ ਹੁੰਦਾ ਹੈ। ਉਸੇ ਤਰ੍ਹਾਂ ਇਲਾਹੀ ਜੋਤ ਉਤੇ **'ਹਉਮੈਂ' ਦਾ ਗਿਲਾਫ਼ ਚੜ੍ਹ ਜਾਵੇ ਤਾਂ 'ਮਨ' ਅਖਵਾਉਂਦਾ ਹੈ। ਇਲਾਹੀ 'ਜੋਤ' ਮੈਲਹੀਣ 'ਨਿਰਮਲ' ਹੈ**—ਪਰ ਇਸ ਵਿਚੋਂ ਉਪਜੇ **'ਮਨ' ਉਤੇ ਹਉਮੈਂ ਦਾ 'ਛੌੜ' ਯਾ ਗਿਲਾਫ ਚੜ੍ਹ ਜਾਵੇ ਤਾਂ ਇਹ 'ਮਨ' ਮੈਲਾ ਹੋ ਜਾਂਦਾ ਹੈ।**

ਜਿਉਂ-ਜਿਉਂ **ਹਉਮੈ ਵੇੜ੍ਹਿਆ ਮਨ ਮਾਇਕੀ ਮੰਡਲ ਵਿਚ ਵਿਚਰਦਾ ਹੈ**—ਤਿਉਂ-ਤਿਉਂ ਇਸ ਨੂੰ **ਮਾਇਕੀ 'ਮੈਲ'** ਚੜ੍ਹਦੀ ਜਾਂਦੀ ਹੈ।

ਚਿੱਟੇ ਕਮਰੇ ਵਿਚ ਦੀ **'ਧੂੰਆਂ'** ਲੰਘ ਜਾਵੇ ਤਾਂ ਕਮਰੇ ਦੀ ਨਿਰਮਲਤਾ ਨੂੰ ਧੂੰਆਂ 'ਛੋਹ' ਜਾਂਦਾ ਹੈ। ਜੇਕਰ ਨਿਤਾ-ਪ੍ਰਤੀ ਧੂੰਆਂ ਉਸ ਕਮਰੇ ਵਿਚ ਦੀ ਲੰਘਦਾ ਰਹੇ ਤਾਂ ਕਮਰਾ 'ਮੈਲਾ' ਹੋ ਜਾਂਦਾ ਹੈ। ਏਸੇ ਲਈ 'ਰਸੋਈ' ਹਮੇਸ਼ਾਂ ਮੈਲੀ ਰਹਿੰਦੀ ਹੈ।

ਸਾਡਾ 'ਮਨ' ਅਤਿ 'ਚੰਚਲ' ਅਤੇ ਚਲਾਇਮਾਨ ਹੈ—ਜਿਸ ਵਿਚੋਂ ਖਿਨ-ਖਿਨ, ਪਲ-ਪਲ, ਅਨੇਕਾਂ ਖਿਆਲ-ਵਲਵਲੇ-ਭਾਵਨਾਵਾਂ ਆਦਿ ਉਪਜਦੇ ਹਨ ਅਤੇ ਅਪਣੀ **'ਰੰਗਤ' ਯਾ 'ਮੈਲ' ਦੀ 'ਛੋਹ' ਮਨ ਉਤੇ ਲਾ ਜਾਂਦੇ ਹਨ।**



*1 Gauree Raga is auspicious, if, through it, one comes to think of his Lord and Master. 311*

*2 Sorat'h is beautiful only when it leads the soul-bride to seek the Lord's Name. 642*

*3 Blessed are those beautiful Ragas which, when chanted, quench all thirst.*
*Blessed are those beautiful people who, as Gurmukh, chant the Name of the Lord. 958*

On the other hand if we use music for some personal or for exciting some low or base tendencies, then we are misusing the godly gift. In this way using music for satisfying low or base feelings is participating in 'negative company' – which is harmful and becomes a setback in our divine journey.

*4 The various songs, tunes and rhythms are false.*
*Trapped by the three qualities, people come and go, far from the Lord. 832*

*5 In the love of duality, the happiness of Bilaaval does not come; the self-willed manmukh finds no place of rest. 849*

*6 In music and song, the mind is caught by the love of duality.*
*Filled with deception deep within, one suffers in terrible pain. 1342*

Note: In Lekh No. 6 of Gurbani Vichar booklets 'music'-'sound'-'melody' has been discussed in detail.

Just as the 'air' in the bubble of water sprouts out of the water and it is indeed the embodiment of water. In the same way, when a shroud of 'egotism' envelops the divine light, then it is called 'mind'. The divine 'light' is 'pure' – but when the mind that has sprouted this (pure divine 'light') is enveloped with the shroud of 'egotism', then this mind become impure.

As the ego-ridden-mind begins to abide in the materialistic realm – so does the materialistic 'impurity' keep increasing in it.

When smoke passes through a white room, it 'touches' the impurities that are in it. If smoke keeps passing through the room daily, then the room gets 'dirty'. This is why the kitchen always remains dirty.

Our mind is extremely 'restless' and unstable. Every second, every moment numerous thoughts-emotions-desires arise from it and leave a trace or touch of their 'colouring' or 'dirt' on the mind.

ਸਾਡਾ **ਹਉਮੈ ਵੇੜ੍ਹਿਆ ਮਨ** ਮਾਇਆ ਵਿਚ ਵਿਚਰਦਾ ਹੈ – ਇਸ ਲਈ ਸਾਡੇ ਖਿਆਲ-ਵਲਵਲੇ ਭਾਵਨਾਵਾਂ **ਅਕਸਰ ਮੈਲੀਆਂ ਹੁੰਦੀਆਂ ਹਨ ।** ਇਹਨਾਂ **ਮੈਲੇ ਨੀਵੇਂ ਖਿਆਲਾਂ ਅਤੇ ਵਲਵਲਿਆਂ ਦੇ ਲਗਾਤਾਰ ਅਭਿਆਸ ਨਾਲ** ਸਾਡੇ ਮਨ ਦੀਆਂ **ਰੁਚੀਆਂ-ਭਾਵਨਾਵਾਂ-ਆਦਤਾਂ-ਆਚਰਨ ਭੀ ਮੈਲਾ ਹੋ ਜਾਂਦਾ ਹੈ**—ਜੋ ਸਹਿਜੇ-ਸਹਿਜੇ ਸਾਡੇ **ਅੰਤਿਸ਼ਕਰਨ ਵਿਚ ਉਤਰ ਜਾਂਦੀਆਂ ਹਨ** ਅਤੇ ਅਸੀਂ **ਮੋਹ-ਮਾਇਆ ਦੇ ਖਲਜਗਨ ਵਿਚ ਹੀ ਕਰਮ ਕਰਦੇ ਅਤੇ ਨਤੀਜੇ ਭੋਗਦੇ ਹਾਂ ।**

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-੧੩੩)

**ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥** (ਪੰਨਾ-੫੬੦)

**ਭੂਲਿਓ ਮਨੁ ਮਾਇਆ ਉਰਝਾਇਓ ॥**
**ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥** (ਪੰਨਾ-੭੦੨)

**ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥**
**ਮਾਇਆ ਮੂਠਾ ਸਦਾ ਬਿਲਲਾਇ ॥** (ਪੰਨਾ-੧੧੭੬)

ਉਪਰਲੀ ਵਿਚਾਰ ਤੋਂ ਸਪਸ਼ਟ ਹੈ ਕਿ :—

ਹਉਮੈ ਦੀ ਭਾਵਨਾ ਨਾਲ,
ਮਾਇਕੀ ਮੰਡਲ ਵਿਚ ਵਿਚਰਨ ਨਾਲ,
ਨੀਵੇਂ ਖਿਆਲਾਂ ਦੀ 'ਛੋਹ' ਨਾਲ,
ਨੀਵੀਆਂ ਰੁਚੀਆਂ ਦੀ 'ਸੰਗਤ' ਨਾਲ,
ਮੈਲੇ ਵਲਵਲਿਆਂ ਦੀ 'ਰੰਗਤ' ਨਾਲ,
ਅਸੁਰੀ ਮਾਇਕੀ ਕਰਮਾਂ ਨਾਲ,

**ਸਾਡਾ ਮਨ ਨਿਤਾ-ਪ੍ਰਤੀ ਮੈਲਾ ਹੁੰਦਾ ਜਾ ਰਿਹਾ ਹੈ ।**

ਇਸ ਤਰ੍ਹਾਂ ਅਸੀਂ ਕਈਆਂ ਜਨਮਾਂ ਤੋਂ ਆਪਣੇ **ਮਨ ਨੂੰ ਮੈਲਾ ਕਰਦੇ ਆਏ ਹਾਂ ਅਤੇ ਹੁਣ ਭੀ ਮੈਲਾ ਕਰੀ ਜਾਂਦੇ ਹਾਂ ।**

**ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥** (ਪੰਨਾ-੩੯)

**ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ ॥** (ਪੰਨਾ-੫੭੦)

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ**
**ਕਾਲਾ ਹੋਆ ਸਿਆਹੁ ॥** (ਪੰਨਾ-੬੫੧)



Our ego ridden mind dwells in materialism – this is why our thoughts, emotions, desires are often polluted. With continuous contemplation or practice of these polluted, base thoughts and desires, the tendencies-feelings-habits-character too becomes impure – which by and by descend into the subconsciousness, and we operate in the confusion of attachment-materialism and face the consequences.

1 *Entangled and enmeshed in the love of false occupations, the whole world is perishing.* 133

2 *In egotism, the soul is in bondage, and the Naam, the Name of the Lord, does not come to abide in the mind.* 560

3 *My mind is deluded, entangled in Maya.*
*Whatever I do, while engaged in greed, only serves to bind me down.* 702

4 *This mind is entangled in worldly affairs, creating more and more karma.*
*Enchanted by Maya, it cries out in suffering forever.* 1176

It is clear from the above discussion that:-

with the desires of egotism,
by dwelling in the materialistic sphere,
with the 'touch' of low thoughts,
keeping the 'company' of low tendencies,
with the colour of impure emotions,
with demon like deeds,

our mind daily continues to become impure.

In this way we have been polluting our mind over many births and even now we are dirtying it.

5 *The world is polluted with the filth of egotism, suffering in pain. This filth sticks to them because of their love of duality.* 39

6 *The world is polluted with the filth of egotism, suffering in pain. This filth sticks to them because of their love of duality.* 470

7 *The filth of countless incarnations sticks to this mind; it has become pitch black.* 651

**ਜੇਤਾ ਮੋਹੁ ਪਰੀਤਿ ਸੁਆਦ ॥**
**ਸਭਾ ਕਾਲਖ ਦਾਗਾ ਦਾਗ ॥**
ਦਾਗ ਦੋਸ ਮੁਹਿ ਚਲਿਆ ਲਾਇ ॥ (ਪੰਨਾ-੬੬੨)

**ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥** (ਪੰਨਾ-੭੫੬)

**ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥**
**ਮੈਲੇ ਕਰਮ ਕਰੇ ਦੁਖੁ ਪਾਏ ॥** (ਪੰਨਾ-੧੦੬੨)

ਸਾਡੇ ਮਨ ਦੀ ਇਹ **'ਮਲੀਨ'** ਹਾਲਤ—ਹਉਮੈ ਦੇ **'ਭਰਮ-ਭੁਲਾਵੇ'** ਵਿਚ ਨੀਵੇਂ ਖਿਆਲਾਂ, ਨੀਵੇਂ ਵਲਵਲੇ, ਮਲੀਨ ਭਾਵਨਾਵਾਂ, ਮਲੀਨ ਰੁਚੀਆਂ, ਮਾਇਕੀ ਨਿਸਚੇ, ਮਾਇਕੀ ਕਰਮ-ਕਾਂਡਾਂ, ਦੀ **'ਛੋਹ', ਮੇਲ, ਸੰਗ, ਸੰਗਤ, ਅਭਿਆਸ, ਦੁਆਰਾ ਹੀ ਹੋ ਰਹੀ ਹੈ ।**

**ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥** (ਪੰਨਾ-੨੯)

**ਮਨੁ ਮੈਲਾ ਹੈ ਦੂਜੈ ਭਾਇ ॥**
ਮੈਲਾ ਚਉਕਾ ਮੈਲੈ ਥਾਇ ॥
ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥ (ਪੰਨਾ-੧੨੧)

ਸ਼ਰਾਬੀ—'ਸ਼ਰਾਬ' ਦਾ ਸੇਵਨ ਅਥਵਾ **'ਸੰਗਤ' ਕਰਨ ਨਾਲ** ਆਪ ਹੀ **'ਸ਼ਰਾਬ ਦਾ ਸਰੂਪ'** ਬਣ ਜਾਂਦਾ ਹੈ, ਜਿਸ ਦਾ ਮਾੜਾ ਅਤੇ ਹਾਨੀਕਾਰਕ ਅਸਰ ਉਸ ਦੇ ਆਪਣੇ ਸਮੁੱਚੇ ਜੀਵਨ ਉਤੇ, ਪ੍ਰਵਾਰ ਉਤੇ, ਸੰਬੰਧੀਆਂ ਅਤੇ ਸਾਥੀਆਂ ਉਤੇ, ਵਾਤਾਵਰਨ ਉਤੇ, ਸਮਾਜ (society) ਉਤੇ, ਪਰਮਾਰਥ ਉਤੇ, ਵਿਸ਼ਵ ਉਤੇ ਅਤੇ ਅਗਲੇ ਜਨਮਾਂ ਉਤੇ, **ਪੈਣਾ ਲਾਜ਼ਮੀ ਹੈ ।**

ਇਸੇ ਤਰ੍ਹਾਂ ਸਾਡੇ **ਮਾਇਕੀ ਨੀਵੇਂ ਮਲੀਨ ਖਿਆਲਾਂ,** ਵਲਵਲਿਆਂ, ਨਿਸਚਿਆਂ, ਕਰਮਾਂ ਦਾ ਅਸਰ, ਸਿਰਫ ਸਾਡੇ ਆਪਣੇ **ਸਮੁੱਚੇ ਜੀਵਨ ਉਤੇ ਹੀ ਨਹੀਂ ਪੈਂਦਾ,** ਬਲਕਿ, ਸਾਡੇ ਵਾਤਾਵਰਨ **ਅਤੇ ਸਮੁੱਚੇ ਸੰਸਾਰ ਉਤੇ ਭੀ ਪੈਂਦਾ ਹੈ** ਅਤੇ ਸਾਡੇ **ਅਗਲੇ ਜਨਮਾਂ ਨੂੰ ਭੀ ਨਰਕ-ਮਈ ਬਣਾ ਦਿੰਦਾ ਹੈ ।**

ਹਰ ਇਕ 'ਜੀਵ' ਵਖਰੇ-ਵਖਰੇ, ਤੁਰਦੇ-ਫਿਰਦੇ, ਜਿਉਂਦੇ-ਜਾਗਦੇ **ਕੰਪਿਊਟਰ** (computer) ਹਨ । ਇਹਨਾਂ ਮਾਨਸਿਕ ਕੰਪਿਊਟਰਾਂ ਵਿਚ ਜੋ-ਜੋ ਅੰਕੜੇ (data) ਅਥਵਾ **ਚੰਗੇ-ਮਾੜੇ ਖਿਆਲ, ਵਲਵਲੇ, ਭਾਵਨਾਵਾਂ ਅਤੇ ਕਰਮ ਆਦਿ ਪਾਉਂਦੇ ਹਾਂ,** ਉਹਨਾਂ ਦੇ **'ਅਕਸ' ਯਾ 'ਰੰਗਤ' ਦਾ ਸਮੁੱਚਾ ਨਤੀਜਾ ਨਾਲੋ-ਨਾਲ ਸਾਡੇ ਮਨ ਉਤੇ ਪੈਂਦਾ ਰਹਿੰਦਾ ਹੈ** ਅਤੇ ਸਾਡੇ ਜੀਵਨ ਨੂੰ **'ਚੰਗਾ ਯਾ ਮਾੜਾ' ਅਥਵਾ ਸੁਖਦਾਈ ਯਾ ਦੁਖਦਾਈ ਬਣਾਉਂਦਾ ਹੈ ।**

ਦੂਜੇ ਲਫ਼ਜ਼ਾਂ ਵਿਚ ਸਾਡਾ **ਚੰਗਾ ਯਾ ਮਾੜਾ 'ਜੀਵਨ'** ਸਾਡੇ ਚੰਗੇ ਯਾ ਮਾੜੇ ਖਿਆਲਾਂ-ਵਲਵਲਿਆਂ-ਕਰਮਾਂ ਦੀ **'ਛੋਹ', ਅਕਸ, 'ਮੇਲ' ਯਾ 'ਸੰਗਤ' ਉਤੇ ਹੀ ਨਿਰਭਰ ਹੈ ।**



1 *These worldly attachments, loves and pleasurable tastes,*
*all are just black stains.*
*One who departs, with these black stains of sin on his face.662*

2 *The world wanders around in the filth of egotism; it dies, and is re-born, over and again. 746*

3 *With greed within them, their minds are filthy, and they spread filth around.*
*They do filthy deeds, and suffer in pain. 1062*

This 'polluted' state of our mind is the result of – is through the 'touch', association, communion, company, practice of low thoughts in the doubt-fallacy of egotism, base or low emotions, impure desires, polluted tendencies, materialistic beliefs and rites-rituals.

4 *The self-willed manmukhs are polluted. They are filled with the pollution of egotism, wickedness and desire. 29*

5 *The mind is polluted by the love of duality.*
*Filthy is that kitchen, and filthy is that dwelling;*
*eating filth, the self-willed manmukhs become even more filthy. Because of their filth, they suffer in pain. 121*

A drunkard – by consuming or (keeping the) 'company' of 'alcohol' becomes the embodiment of 'alcohol' and its bad and harmful effect is bound to affect, his whole life, his family, his relatives and friends, the environment, the society, religious pursuits, the cosmos and on subsequent births (as well).

In this way the effect of the deeds of our materialistic low, impure thoughts, emotions, desires not only do they affect our whole life but also affect our environment and the whole world and our subsequent lives too become hell like.

All 'persons' are individual walk-about live computers. Whatever their data- such as, good-bad thoughts, emotions, desires and action of these computers, the overall consequences of that data's 'reflection' or 'colour' will continue to influence our mind and makes our life 'good or bad', happy or painful.

In other words our good or bad 'life' depends on the 'touch', reflection, association or 'company' of our good or bad thoughts-emotions-actions.

L85.6

ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ ॥
**ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥** (ਪੰਨਾ-੧੩੬੯)

ਤਨਕ ਹੀ ਜਾਮਨ ਕੈ ਦੂਧ ਦਧਿ ਹੋਤ ਜੈਸੇ
ਤਨਕ ਹੀ ਕਾਂਜੀ ਪਰੈ ਦੂਧ ਫਟਿ ਜਾਤ ਹੈ ।
ਤਨਕ ਹੀ ਬੀਜ ਬੋਇ ਬਿਰਖ ਬਿਥਾਰ ਹੋਇ
ਤਨਕ ਚਿਨਗ ਪਰ ਭਸਮ ਹ੍ਵੈ ਸਮਾਤ ਹੈ ।
ਤਨਕ ਹੀ ਖਾਇ ਬਿਖ ਹੋਤ ਹੈ ਬਿਨਾਸ਼ਕਾਲ
ਤਨਕ ਹੀ ਅੰਮ੍ਰਿਤ ਕੈ ਅਮਰ ਹ੍ਵੈ ਗਾਤ ਹੈ ।
**ਸੰਗਤਿ ਅਸਾਧ ਸਾਧ ਗਨਿਕਾ ਬਿਵਾਹਤਾ ਜਯੋਂ**
**ਤਨਕ ਮੈ ਉਪਕਾਰ ਔ ਵਿਕਾਰ ਘਾਤ ਹੈ ॥** (ਕ.ਭਾ.ਗੁ. ੧੭੪)

ਅਸੀਂ ਸਾਰੇ ਜੀਵ ਖਿਆਲਾਂ ਅਤੇ ਵਲਵਲਿਆਂ ਦੇ ਜਿਊਂਦੇ-ਜਾਗਦੇ, ਤੁਰਦੇ-ਫਿਰਦੇ 'ਰੇਡੀਓ ਸਟੇਸ਼ਨ' (radio transmitting station) ਹਾਂ । ਇਸ ਤਰ੍ਹਾਂ ਅਸੀਂ ਭੀ **ਇਕੋ ਸਤਹ** (wave length) **ਉਤੇ ਤਰੰਗਾਂ** (vibrations) **ਦੇ ਜ਼ਰੀਏ, ਇਕ ਦੂਜੇ ਉਤੇ**—

**'ਅਕਸ'** ਪਾਉਂਦੇ ਹਾਂ,
**'ਛੋਹ'** ਲਗਦੀ ਹੈ,
**'ਮੇਲ'** ਕਰਦੇ ਹਾਂ,
**'ਸੰਗ'** ਕਰਦੇ ਹਾਂ,
**'ਰੰਗਤ'** ਲੈਂਦੇ-ਦਿੰਦੇ ਹਾਂ ।

ਜਿਸ ਨਾਲ ਸਾਡਾ **ਸਮੁੱਚਾ ਜੀਵਨ 'ਢਲਦਾ' ਹੈ** ਅਤੇ ਸਾਡੀ ਵਿਲੱਖਣ ਤੇ ਅੱਡਰੀ **ਸ਼ਖ਼ਸੀਅਤ ਅਤੇ ਪਰਾਲਬਧ ਘੜੀ ਜਾਂਦੀ ਹੈ ।**

**ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ ॥** (ਪੰਨਾ-੪੬੧)

**ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ॥**
ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ ॥ (ਪੰਨਾ-੬੮੯)

**ਲੇਖਾ ਲਿਖੀਐ ਮਨ ਕੈ ਭਾਇ ॥** (ਪੰਨਾ-੧੨੩੭)

ਉਪਰਲੀ ਵਿਚਾਰ ਨੂੰ ਸੰਖੇਪ ਤੌਰ ਤੇ ਇਉਂ ਦਰਸਾਇਆ ਜਾ ਸਕਦਾ ਹੈ—

**ਹਉਮੈ ਦੀ ਢੀਠਤਾ,**
**ਮਾਇਆ ਦੇ ਜਾਲ,**
**ਭਰਮ-ਭੁਲੇਖੇ,**



1 *Kabeer, the mind has become a bird; it soars and flies in the ten directions.*
*According to the company it keeps, so are the fruits it eats. 1369*

2 a) *Just as with a little bit of yoghurt culture, milk turns into yoghurt; but a drop of dirt will curdle the milk.*
b) *Just as a tiny seed when sown turns into a huge tree; but a tiny spark of fire will reduce it to ash.*
c) *Just as a little poison will bring about death; but a little bit of amrit (ambrosial nectar) gives the body everlasting life.*
d) *In the same way as a prostitute or devout wife has an option of communing with manmukhs (mind-orientated ones) or gurmukhs (Guru-orientated ones); communing with manmukhs (mind-orientated ones) will in a short while destroy (the benefits of) good deeds and communing with gurmukhs (Guru-orientated ones), the (effect of) bad deed gets eradicated. Kabit Bhai Gurdas 174*

All of us beings are walk-along, live radio transmitting stations. In this way we too, project and receive from one another through the vibrations of the same wave length, our-

'reflection'
'touch'
'communion' and
'association'
'colour'.

and with this we mould our whole life and leads to the fashioning of our different, individual and powerful personality.

1 *Those actions you perform, day and night, are recorded upon your forehead. 461*

2 *Your destiny is written on your forehead, according to your past actions.*
*This inscription of past deeds cannot be erased; what do I know about what will happen? 689*

3 *The account is written of the loves of the mind. 1237*

The above discussion can be summarised as follows –

Under the influence of

the stubbornness of egotism,
the trap or net of materialism,
doubt-fallacies,

ਪੰਜਾਂ ਦੀਆਂ ਵਾਸ਼ਨਾਵਾਂ,
**ਸੰਗਤ ਯਾ ਕੁਸੰਗਤ,**
ਵਾਤਾਵਰਨ,
ਮਾਨਸਿਕ 'ਤਰੰਗਾਂ' (vibrations),
ਮਾਇਆ ਦੀ ਖਿੱਚ (gravity),

ਦੇ **ਅਸਰ ਹੇਠ ਜੀਵ** ਪਲਚਿ-ਪਲਚਿ ਕੇ ਨਰਕ ਮਈ ਜੀਵਨ ਭੋਗਦੇ ਹਨ, ਜਿਸ ਦਾ ਪ੍ਰਤੱਖ ਨਕਸ਼ਾ ਇਸ ਵੇਲੇ ਦੁਨੀਆਂ ਵਿਚ ਹਰ ਪਾਸੇ ਪ੍ਰਗਟ ਪਹਾਰੇ ਦਿਸ ਰਿਹਾ ਹੈ।

**'ਰੱਬ' ਨਾਲੋਂ 'ਟੁਟ' ਕੇ** ਅਥਵਾ ਬੇਮੁਖ ਹੋ ਕੇ ਜੀਵ **ਮਾਨਸਿਕ ਤੌਰ ਤੇ ਅਗਿਆਨੀ ਅਤੇ ਨਿਰਬਲ ਹੋ ਜਾਂਦਾ ਹੈ।** ਜੀਵ ਦੀ ਇਸ ਬੇ-ਵਸੀ ਦੀ ਹਾਲਤ ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ—

ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥ (ਪੰਨਾ-੧੫੫)

**ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥**
ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥੧॥
ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ ॥ (ਪੰਨਾ-੨੦੫-੦੬)

ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥
ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥ (ਪੰਨਾ-੭੯੩)

ਐਸੀ **'ਨਿਰਬਲਤਾ' ਅਤੇ 'ਬੇ-ਵਸੀ'** ਵਿਚ ਦੁਖੀ ਹੋ ਕੇ 'ਜੀਵ' **'ਧਰਮ' ਦਾ ਆਸਰਾ ਲੈਂਦਾ ਹੈ।**

**ਮਲੀਨ ਮਨ 'ਧਰਮ' ਨੂੰ ਭੀ ਆਪਣੇ ਮਾਇਕੀ 'ਝਰੋਖੇ' ਵਿਚ ਦੀ ਦੇਖਦਾ ਹੈ** ਅਤੇ ਆਪਣੀਆਂ **ਮਾਇਕੀ ਗ਼ਰਜ਼ਾਂ ਦੀ ਪੂਰਤੀ ਲਈ ਹੀ ਵਰਤਦਾ ਹੈ।**

ਇਸ ਬੇ-ਵਸੀ ਵਿਚ ਇਨਸਾਨ ਅਖੌਤੀ ਸਾਧਾਂ-ਸੰਤਾਂ ਅਥਵਾ ਅਖੌਤੀ 'ਸੰਗਤ' ਵਲ **ਮੂੰਹ ਮੋੜਦਾ ਹੈ।** ਇਹ ਅਖੌਤੀ ਧਾਰਮਿਕ ਆਗੂ ਆਪ ਭੀ ਫੋਕੇ ਕਰਮ-ਕਾਂਡਾ ਅਤੇ ਸੁੱਕੀ ਧਾਰਮਿਕ ਸਾਧਨਾਂ ਵਿਚ ਫਸੇ ਹੁੰਦੇ ਹਨ ਅਤੇ ਲੋੜਵੰਦ ਜਗਿਆਸੂਆਂ ਨੂੰ ਭੀ **ਇਹਨਾਂ ਫੋਕੇ ਪਾਠ-ਪੂਜਾ, ਕਰਮ-ਕਾਂਡ, ਸਾਧਨਾ ਆਦਿ ਵਿਚ ਫਸਾ ਦਿੰਦੇ ਹਨ,** ਜਿਸ ਨਾਲ ਜਗਿਆਸੂ ਹੋਰ ਭੀ **ਭੰਬਲ-ਭੂਸਿਆਂ ਵਿਚ ਪੈ ਕੇ ਭਟਕਦੇ ਫਿਰਦੇ ਹਨ।** ਕਈ ਵਾਰੀ ਇਹਨਾਂ ਮਾਇਆ ਵੇੜ੍ਹੇ ਜਗਿਆਸੂਆਂ ਦਾ **ਦਿਲ ਟੁਟ ਜਾਂਦਾ ਹੈ ਅਥਵਾ ਨਿਰਾਸ਼ ਹੋ ਕੇ ਉਹ ਰਬ ਤੋਂ ਭੀ ਬੇਮੁਖ ਹੋ ਜਾਂਦੇ ਹਨ।**



the passions of the five (senses),
virtuous company or sinful company,
the environment,
mental 'vibrations',
the gravity of materialism,

people are entangled and enmeshed and are leading a hell-like life. Stark evidence of this is available from every side in this world.

'Breaking' away from 'God' or becoming an apostate man becomes mentally ignorant and powerless. This helpless condition or state of man is mentioned in Gurbani as follows –

1 *There are five of them, but I am all alone. How can I protect my hearth and home, O my mind?*
*They are beating and plundering me over and over again; unto whom can I complain?* *155*

2 *The five vicious thieves are assaulting my poor being; save me, O Savior Lord!*
*They are tormenting and torturing me. I have come, seeking Your Sanctuary.*
*Trying all sorts of things, I have grown weary, but still, they will not leave me alone.* *205-6*

3 *In the one fortress of the body, there are five rulers, and all five demand payment of taxes.*
*I have not farmed anyone's land, so such payment is difficult for me to pay.* *793*

In such a 'powerless' and 'helpless', state man becomes miserable and takes refuge in 'religion'.

The impure mind too sees 'religion' through the 'peep hole' of materialism and uses it to satisfy his selfish materialistic ends.

In this state of helplessness man turns his face towards the so called holy men or the so called associates. These so called religious leaders themselves are trapped in hollow rites-rituals and unfruitful religious practices and they get the needy followers entangled in these hollow (forms of) worshipping, rites-rituals, and methodologies etc which cause the followers to get even more deeply entrenched in fruitless wanderings. Many a time these followers ridden in riches become broken hearted or disenchanted and they even turn away from God.

**ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥**
**ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥** (ਪੰਨਾ-੪੯੫)

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
**ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥**
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥ (ਪੰਨਾ-੬੪੧)

**ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ**
**ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥...**
**ਮਨਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ**
**ਬਗੁਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ ॥** (ਪੰਨਾ-੬੮੭)

**ਕੂਰ ਕ੍ਰਿਆ ਉਰਝਿਓ ਸਭਹੀ ਜਗ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥** (ਸਵੱਯੇ ਪਾ: ੧੦)

ਇਹੋ ਜਿਹੇ ਜਿਗਿਆਸੂ ਸੁਣ-ਸੁਣਾ ਕੇ ਜਦ ਸੰਗਤ ਭੀ ਕਰਦੇ ਹਨ ਤਾਂ **ਰੱਬ ਤੋਂ ਟੁਟਿਆਂ ਹੋਇਆਂ ਹਉਮੈ-ਵੇੜ੍ਹੇ ਅਗਿਆਨੀ ਸਾਧਕਾਂ ਦੀ ਸੰਗਤ ਵਿਚ ਉਹਨਾਂ ਦੇ ਮਨ ਦੀ ਅਗਨ ਨਹੀਂ ਬੁੱਝਦੀ ਅਤੇ ਸ਼ਾਂਤੀ ਨਹੀਂ ਆਉਂਦੀ** — ਪਰ ਫੇਰ ਭੀ 'ਡੂਬਤੇ ਕੋ ਤਿਣਕੇ ਕਾ ਸਹਾਰਾ', ਅਨੁਸਾਰ ਇਹ **'ਅਖੌਤੀ ਸੰਗਤ' ਅਤੇ ਫੋਕੇ ਕਰਮ-ਕਾਂਡਾਂ** ਵਿਚ ਹੀ ਆਪਣੇ ਦੁਖੀ ਮਨ ਨੂੰ 'ਸੰਗਤ' ਕਰਨ ਦੀ ਵਡਿਆਈ ਦੀ **ਝੂਠੀ ਤਸੱਲੀ ਦੇ ਕੇ, ਇਸ ਵਿਚ ਹੀ ਮਸਤ ਰਹਿੰਦੇ ਹਨ ।**

ਇਹੋ **ਕਾਰਨ ਹੈ** ਕਿ ਸਾਰੀ ਉਮਰ ਪਾਠ-ਪੂਜਾ, ਕਰਮ-ਧਰਮ ਅਤੇ **'ਅਖੌਤੀ ਸੰਗਤ' ਕਰਦਿਆਂ ਹੋਇਆਂ ਭੀ** ਉਹਨਾਂ ਦੇ **ਮਾਇਕੀ ਜੀਵਨ ਵਿਚ** ਕੋਈ **ਪਰੀਵਰਤਨ ਨਹੀਂ ਆਉਂਦਾ** ਅਤੇ ਉਸੇ ਤਰ੍ਹਾਂ **ਮਾਇਆ ਵਿਚ ਗਲਤਾਨ ਹੋ ਕੇ ਸੜਦੇ-ਬਲਦੇ-ਕੁਲਝਦੇ ਹੋਏ ਨਰਕੀ ਜੀਵਨ ਭੋਗਦੇ ਹਨ ।**

ਇਹੀ ਕਾਰਨ ਹੈ ਕਿ ਆਮ ਜਗਿਆਸੂਆਂ ਦੀ ਇਹੋ **ਸ਼ਿਕਾਇਤ** ਹੁੰਦੀ ਹੈ ਕਿ :—

ਪਾਠ ਕਰਦਿਆਂ ਮਨ ਨਹੀਂ ਟਿਕਦਾ,
ਸਿਮਰਨ ਕਰਦਿਆਂ ਮਨ ਇਕਾਗਰ ਨਹੀਂ ਹੁੰਦਾ,
ਗੁੱਸਾ ਬਹੁਤ ਆਉਂਦਾ ਹੈ,
ਲਬ-ਲੋਭ ਭਜਾਈ ਫਿਰਦੇ ਹਨ,
ਕਾਮ-ਕ੍ਰੋਧ ਦੀ ਵਾਸ਼ਨਾ ਤੰਗ ਕਰਦੀ ਹੈ,
ਗਿਲੇ-ਗਿਲੋ ਬਹੁਤ ਉਪਜਦੇ ਹਨ,



1 *They perform the four rituals and six religious rites; the world is engrossed in these. They are not cleansed of the filth of their ego within; without the Guru, they lose the game of life.* *495*

2 *They read scriptures, and contemplate the Vedas; they practice the inner cleansing techniques of Yoga, and control of the breath.*
*But they cannot escape from the company of the five passions; they are increasingly bound to egotism.*
*O Beloved, this is not the way to meet the Lord; I have performed these rituals so many times.*
*I have collapsed, exhausted, at the Door of my Lord Master; I pray that He may grant me a discerning intellect.* *641*

3 *In spite of the many places of pilgrimage for people to bathe in, their minds are still stained by their stubborn ego; the Lord Master is not pleased by this at all.......*
*One who acts through stubbornness is of no account at all; like a crane, he pretends to meditate, but he is still stuck in Maya.* *687*

4 *The whole world is enmeshed and entangled in false occupation as they have no intuitive awareness of the Supreme Being. Seweyeh P 10*

When such seekers get involved in some company upon hearing( some details) by word of mouth, then in the company of such ignorant worshippers steeped in doubt-fallacy, the fire of their mind is not extinguished and they experience no peace – even then like the' attraction a straw for one who is drowning', their suffering mind, placing false confidence in the benefits of the 'so-called company' and hollow rites-rituals, they (continue to) remain intoxicated.

This is the reason why, despite reading scripture, doing worship and participating in the 'so-called company', no change ever comes into their materialistic lives and by becoming engrossed in materialism they simmer-burn-writhe, and all along lead a hell-like life.

This is the reason why almost every seeker has this complaint that:-

the mind remains restless when doing *'paath'*,
while doing *simran* the mind is not focussed,
anger surges controllably,
greed and avarice keeps people on the run,
the passion of lust and anger causes tension to rise,
grievances abound,

ਵੈਰ-ਵਿਰੋਧ ਵਿਚ ਸੜਦੇ-ਬਲਦੇ ਹਾਂ,
ਮਨ ਨੂੰ ਸਾਂਤੀ ਨਹੀਂ ਆਉਂਦੀ,
ਸੰਗਤ ਵਿਚ ਓਪਰਾ ਜਿਹਾ ਰਸ ਆਉਂਦਾ ਹੈ ਮਗਰੋਂ
ਓਹੀ ਹਾਲ,

**ਆਦਿ ।**

ਇਸ ਦਾ ਕਰਨ ਇਹ ਹੈ ਕਿ ਸਾਡਾ ਮਨ ਕਈ ਜਨਮਾਂ ਤੋਂ **ਹਰ ਪਾਸਿਓਂ ਅੰਦਰੋਂ-ਬਾਹਰੋਂ ਮਾਇਆ ਵਿਚ** ਵਿਚਰ ਕੇ, ਗਲ਼ਤਾਨ ਹੋ ਕੇ, ਲਥ-ਪਥ ਹੋ ਕੇ, ਧੱਸ ਕੇ, ਵੱਸ ਕੇ, ਰਸ ਕੇ, ਸਮਾ ਕੇ, **'ਮਾਇਆ' ਦਾ ਹੀ 'ਸਰੂਪ' ਬਣ ਗਿਆ ਹੈ** ਅਤੇ ਪਰਮਾਰਥ ਯਾ **ਦੈਵੀ ਗੁਣਾਂ ਤੋਂ ਅਨਜਾਣ, ਬੇ-ਪ੍ਰਵਾਹ, ਅਵੇਸਲਾ, ਬੇਮੁਖ ਤੇ ਮੰਨੂਰ ਹੋ ਚੁਕਿਆ ਹੈ ।**

ਇਨਸਾਨ ਦੀ ਇਹ ਆਪੂੰ ਸਹੇੜੀ ਹੋਈ **ਮਾਨਸਿਕ ਅਧੋਗਤੀ ਬੜੀ ਤਰਸਯੋਗ ਹੈ**— ਕਿਉਂਕਿ ਉਸ ਦੀ ਮਾਇਕੀ ਬਿਰਤੀ ਨੂੰ **ਕੋਈ ਉੱਚੀ ਆਤਮਿਕ ਟੇਕ-ਸਹਾਰਾ-'ਜੀਵਨ-ਸੇਧ' ਨਹੀਂ ਮਿਲਦੀ,** ਅਤੇ ਨਾ ਹੀ ਕਮਜ਼ੋਰ ਮਨ ਵਿਚ **ਕੋਈ ਉਚੇਰਾ, ਚੰਗੇਰਾ, ਸੁਹਣੇਰਾ ਆਤਮਿਕ ਸਾਹਸ-ਚਾਉ-ਰਹਿਸ ਮਈ ਉਦਮ ਹੀ ਉਪਜਦਾ ਹੈ ।**

ਇਨਸਾਨ ਦੀ ਐਸੀ ਤਰਸਯੋਗ ਬੇ-ਵਸੀ ਨੂੰ ਗੁਰੂ ਸਾਹਿਬਾਂ ਦੀ ਕੋਮਲ ਆਤਮਾ ਨੇ **ਮਹਿਸੂਸ ਕਰਕੇ ਅਤੇ ਤ੍ਰੁਠ ਕੇ ਆਪਣਾ ਆਤਮਿਕ ਬਿਰਦ ਪਾਲਦੇ ਹੋਏ,** ਪਰਮਾਤਮਾ ਦੇ ਚਰਨਾਂ ਵਿਚ ਗੁਰਬਾਣੀ ਦੁਆਰਾ ਇਉਂ ਪ੍ਰਾਰਥਨਾਂ ਕੀਤੀ ਹੈ—

ਸੁਨਹੁ ਬਿਨਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ ॥
ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ ॥੧।
ਪ੍ਰਭ ਜੀਉ ਖਸਮਾਨਾ ਕਰਿ ਪਿਆਰੇ ॥
ਬੁਰੇ ਭਲੇ ਹਮ ਥਾਰੇ ॥ (ਪੰਨਾ-੬੩੧)

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥** (ਪੰਨਾ-੮੫੩)

**ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥** (ਪੰਨਾ-੧੨੫੧)

ਇਨਸਾਨ **ਮਾਇਆ ਵੇੜ੍ਹੇ** ਮਨ ਨਾਲ ਜਦ ਕੋਈ ਚੰਗੇ ਕਰਮ ਭੀ ਕਰਦਾ ਹੈ ਤਾਂ ਉਹ ਭੀ **'ਹਉਮੈ' ਦੇ ਆਧਾਰ ਤੇ ਕਰਦਾ ਹੈ ।** ਇਸ ਲਈ **ਹਉਮੈ ਵੇੜ੍ਹੇ ਇਨਸਾਨ ਦੇ ਸਾਰੇ ਕਰਮ-ਧਰਮ, ਪਾਠ-ਪੂਜਾ ਆਦਿ ਰੁੱਖੇ-ਸੁੱਕੇ, ਫੋਕੇ, ਨਿਹਫਲ ਹੁੰਦੇ ਹਨ ਜੋ ਅਜਾਈਂ ਜਾਂਦੇ ਹਨ** ਅਤੇ ਇਨਸਾਨ ਦੀ **ਮਾਨਸਿਕ ਅਵਸਥਾ 'ਉਥੇ ਦੀ ਉਥੇ' ਹੀ ਰਹਿੰਦੀ ਹੈ**—ਬਲਕਿ **ਰੋਜ਼-ਬ-ਰੋਜ਼ 'ਨਿਘਰਦੀ' ਜਾਂਦੀ ਹੈ ।**



they simmer and burn in enmity and confrontation,
the mind never experiences peace,
they receive some superficial delight in the *sangat*
but after that its back to square one
etc.

The reason is this that our mind over numerous births from every side - within and without, by abiding in materialism, getting engrossed in it, becoming greedy and avaricious, having penetrated, infiltrated, permeated, and getting absorbed it has become the embodiment of 'materialism'. Thus by turning away from the divine virtues of spirituality he has become ignorant, unmindful, negligent, an apostate, and gross.

This self inflicted mental decline of man is very pitiful – because his materialistic consciousness gets no lofty, divine support, help and life-direction and nor does any sublime, good, beautiful divine courage-joy-bliss arise in the weak mind.

Sensing this pitiful, helpless condition of man, the tender soul of Guru Ji, becoming benevolent and remaining true to his inherent disposition made a supplication at the feet of the Primal Being as follows:-

1 *Hear my prayer, O my Lord and Master; all beings and creatures were created by You.*
*You preserve the honor of Your Name, O Lord, Cause of causes.*
*O Dear God, Beloved, please, make me Your own.*
*Whether good or bad, I am Yours.* *631*

2 *The world is going up in flames - shower it with Your Mercy, and save it!*
*Save it, and deliver it, by whatever method it takes.* *853*

3 *In Your Mercy, You care for all beings and creatures.* *1251*

Even if man does some good things with his ego-ridden mind that too is done with the backing of egotism. This is why all of man's ego-ridden actions-discipline, reading and worship of scriptures etc are insipid-dry, hollow, fruitless and go awaste. Man's mental state remains where it has always has been – nay daily the decline is taking place.

**ਕੋਟਿ ਕਰਮ ਕਰੈ ਹਉ ਧਾਰੇ ॥**
**ਸ੍ਰਮੁ ਪਾਵੈ ਸਗਲੇ ਬਿਰਥਾਰੇ ॥** (ਪੰਨਾ-੨੭੮)

ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥
**ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥** (ਪੰਨਾ-੫੫੮)

ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
**ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥੫॥**
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
**ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥** (ਪੰਨਾ-੬੪੨)

**ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ ॥**
**ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥** (ਪੰਨਾ-੧੪੨੮)

ਉਪਰਲੀ ਵਿਚਾਰ ਦਾ ਸਿੱਟਾ ਇਹ ਹੈ ਕਿ ਇਹ **ਹਉਮੈ ਵੇੜ੍ਹਿਆ ਇਨਸਾਨ** ਮਾਇਆ ਵਿਚ ਵਿਚਰਦਿਆਂ ਹੋਇਆਂ ਮਾਇਕੀ ਖਿੱਚ (gravity) ਨਾਲ **ਹੇਠਾਂ ਰਸਾਤਲ ਵੱਲ ਅਣਜਾਣੇ ਹੀ ਮੱਲੋ-ਮੱਲੀ ਰੁੜ੍ਹਿਆ ਜਾ ਰਿਹਾ ਹੈ।**

'ਦਲਦਲ' ਵਿਚ ਜੇ ਕੋਈ ਫਸ ਜਾਵੇ ਤਾਂ ਉਹ ਅਣਜਾਣੇ ਹੀ **ਹੇਠਾਂ ਵੱਲ ਨਿੱਘਰਦਾ ਜਾਂਦਾ ਹੈ।** ਜੇ ਕੋਈ ਹਥ-ਪੈਰ ਮਾਰ ਕੇ ਨਿਕਲਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ **ਹੋਰ ਭੀ ਖੁੱਭਦਾ ਜਾਂਦਾ ਹੈ।**

ਇਸੇ ਤਰ੍ਹਾਂ ਇਨਸਾਨ ਮਾਇਕੀ 'ਦਲਦਲ' ਅਥਵਾ ਮਾਇਕੀ ਬਿਖਮ ਸੋਕ ਸਾਗਰ ਵਿਚ ਫਸ **ਕੇ ਆਪਣੇ ਆਪ ਨਿਕਲ ਨਹੀਂ ਸਕਦਾ ਕਿਉਂਕਿ ਉਹ ਮਾਇਆ ਦੀ ਖਿੱਚ ਦੀ ਸ਼ਕਤੀ ਨਾਲੋਂ ਬਹੁਤ ਕਮਜ਼ੋਰ ਹੁੰਦਾ ਹੈ। ਜੇ ਕੋਈ ਉਦਮ ਭੀ ਕਰਦਾ ਹੈ ਤਾਂ ਉਹ ਉਦਮ ਭੀ ਨਿਸਫਲ ਜਾਂਦੇ ਹਨ।**

ਪਾਇ ਠਗਉਲੀ ਸਭੁ ਜਗੁ ਜੋਹਿਆ ॥
ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥...
ਵਰਤ ਨੇਮ ਕਰਿ ਥਾਕੇ ਪੁਨਹਚਰਨਾ ॥
ਤਟ ਤੀਰਥ ਭਵੇ ਸਭ ਧਰਨਾ ॥...
**ਮਾਇਆ ਮੋਹਿ ਸਭੋ ਜਗੁ ਬਾਧਾ ॥**
**ਹਉਮੈ ਪਚੈ ਮਨਮੁਖ ਮੂਰਾਖਾ ॥** (ਪੰਨਾ-੩੯੪)

**ਇਨ੍ਹ ਮਾਇਆ ਜਗਦੀਸ ਗੁਸਾਈ ਤੁਮ੍ਹਰੇ ਚਰਨ ਬਿਸਾਰੇ ॥**
**ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥** (ਪੰਨਾ-੮੫੭)



1 *If someone does millions of good deeds, while acting in ego,*
*he shall incur only trouble; all this is in vain.* 278

2 *Even if one learns the Yogic postures of the Siddhas, and holds his sexual energy in check,*
*still, the filth of the mind is not removed, and the filth of egotism is not eliminated.* 558

3 *He may remain devoted to worship and adoration, bowing his forehead to the floor, practicing the six religious rituals.*
*He indulges in egotism and pride, and falls into entanglements, but he does not meet the Lord by these devices.*
*He practices the eighty-four postures of Yoga, and acquires the supernatural powers of the Siddhas, but he gets tired of practicing these.*
*He lives a long life, but is reincarnated again and again; he has not met with the Lord.* 642

4 *Those who make pilgrimages to sacred shrines, observe ritualistic fasts and make donations to charity while still taking pride in their minds*
*- O Nanak, their actions are useless, like the elephant, who takes a bath, and then rolls in the dust.* 1428

From the above discussion it is clear that an ego-ridden-man, abiding in materialism, is inevitably and unknowingly being swept away towards hell by the gravity or pull of materialism.

If someone gets caught in a quagmire or quicksand, without even realising he sinks deeper. If he struggles to get out he sinks even further.

In the same way man, getting stuck in the quagmire' or the terrible ocean of grief of materialism cannot come out of it himself because he is much weaker than the power of the pull of materialism. Even if he tries then that effort too remains fruitless.

5 *Administering her poisons, she has overcome the whole world.*
*She has bewitched Brahma, Vishnu and Shiva.....*
*Performing fasts, religious observances and atonements, the mortals have grown weary.*
*They wander over the entire planet, on pilgrimages to the banks of sacred rivers......*
*Attached to Maya, the whole world is in bondage.*
*The foolish self-willed manmukhs are consumed by their egotism.* 394

6 *This Maya has made me forget Your feet, O Lord of the World, Master of the Universe.*
*Not even a bit of love wells up in Your humble servant; what can Your poor servant do?*

**ਬਲਵੰਤਿ ਬਿਆਪਿ ਰਹੀ ਸਭ ਮਹੀ ॥** (ਪੰਨਾ-੪੯੯)

**ਮੋਹਨੀ ਮੋਹਤ ਰਹੈ ਨ ਹੋਰੀ ॥**
**ਸਾਧਿਕ ਸਿਧ ਸਗਲ ਕੀ ਪਿਆਰੀ ਤੁਟੈ ਨ ਕਾਹੂ ਤੋਰੀ ॥** (ਪੰਨਾ-੧੨੧੬)

ਗੁਰਬਾਣੀ ਅਨੁਸਾਰ ਇਸ ਮਾਇਕੀ **ਭਰਮ-ਗੜ੍ਹ ਵਿਚੋਂ ਨਿਕਲਣ ਦਾ** ਇਕੋ-ਇਕ ਸਾਧਨ ਇਉਂ ਦਰਸਾਇਆ ਗਿਆ ਹੈ—

**ਸਾਧਸੰਗਿ ਭੈ ਭਰਮ ਮਿਟਾਇਆ ॥** (ਪੰਨਾ-੧੯੩)

**ਸੰਤਸੰਗਿ ਹਰਿ ਮਨਿ ਵਸੈ ॥**
**ਦੂਖੁ ਦਰਦੁ ਅਨੇਰਾ ਭ੍ਰਮੁ ਨਸੈ ॥** (ਪੰਨਾ-੨੧੧)

**ਅੰਚਲੁ ਗਹਿ ਕੈ ਸਾਧ ਕਾ ਤਰਣਾ ਇਹੁ ਸੰਸਾਰੁ ॥** (ਪੰਨਾ-੨੧੯)

**ਸਾਧਸੰਗਿ ਮਿਟੇ ਭਰਮ ਅੰਧਾਰੇ ॥**
**ਨਾਨਕ ਮੇਲੀ ਸਿਰਜਣਹਾਰੇ ॥** (ਪੰਨਾ-੩੮੯)

**ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥** (ਪੰਨਾ-੫੧੭)

ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ ॥ (ਪੰਨਾ-੫੭੧)

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ ॥
**ਸਾਧਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ ॥** (ਪੰਨਾ-੭੦੨)

**ਸਾਧਸੰਗਿ ਮਿਟੇ ਭੈ ਭਰਮਾ ਅੰਮ੍ਰਿਤੁ ਹਰਿ ਹਰਿ ਰਸਨ ਭਨੇ ॥** (ਪੰਨਾ-੧੧੪੯)

ਧਰਤੀ ਦੀ ਖਿੱਚ ਦੀ ਸ਼ਕਤੀ ਕਾਰਨ ਪਾਣੀ **ਨਿਵਾਣ ਵਲ ਨੂੰ ਰੁੜ੍ਹਦਾ ਹੈ**। ਜੇਕਰ ਪਾਣੀ ਨੂੰ **ਉਪਰ ਨੂੰ ਚਾੜ੍ਹਨਾ ਹੋਵੇ ਤਾਂ ਧਰਤੀ ਦੀ ਖਿੱਚ ਦੀ ਸ਼ਕਤੀ ਨਾਲੋਂ ਜ਼ਿਆਦਾ ਤਾਕਤਵਰ ਸ਼ਕਤੀ ਦੀ ਲੋੜ ਪੈਂਦੀ ਹੈ,** ਜਿਹਾ ਕਿ ਮੋਟਰ ਪੰਪ ਆਦਿ।

ਇਸੇ ਤਰ੍ਹਾਂ ਮਾਇਕੀ ਖਿੱਚ (gravity) ਨਾਲ ਮਨ ਦੀਆਂ **ਬਿਰਤੀਆਂ ਨੀਵੀਆਂ ਵਾਸ਼ਨਾਵਾਂ ਵਲ ਸਹਿਜੇ ਹੀ ਖਿੱਚੀਆਂ ਜਾ ਰਹੀਆਂ ਹਨ।** ਇਹਨਾਂ ਬਿਰਤੀਆਂ ਨੂੰ ਉਪਰ ਵਲ ਅਥਵਾ **ਆਤਮਿਕ ਮੰਡਲ ਵਲ ਮੋੜਨ ਲਈ ਕੋਈ ਹੋਰ 'ਦਾਮਨਿਕ ਦੈਵੀ ਸ਼ਕਤੀ' ਦੀ ਲੋੜ ਹੈ।**

**ਇਹ ਦਾਮਨਿਕ ਦੈਵੀ ਸ਼ਕਤੀ ਆਤਮਿਕ ਸ਼ਕਤੀ ਵਾਲੇ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦਾ 'ਮੇਲ' ਯਾ 'ਸੰਗਤ' ਹੀ ਹੈ।**

ਗੁਰਬਾਣੀ ਅਨੁਸਾਰ ਐਸੀ **ਦੈਵੀ ਆਤਮਿਕ ਸ਼ਕਤੀ ਵਾਲੀ ਜਿਉਂਦੀ-ਜਾਗਦੀ 'ਸਾਧ ਸੰਗਤ' ਤੋਂ ਬਗੈਰ** ਇਨਸਾਨ ਦਾ ਮਾਇਕੀ ਦਲਦਲ, ਅਥਵਾ **'ਬਿਖਮ ਸਾਗਰ' ਵਿਚੋਂ ਨਿਕਲਣਾ ਅਸੰਭਵ ਯਾ ਕਠਿਨ ਹੈ।**



1 *The power of Maya is pervading everywhere.* 499

2 *The Great Enticer Maya keeps enticing, and cannot be stopped.*
*She is the Beloved of all the Siddhas and seekers; no one can fend her off.* 1216

According to Gurbani there is only one and only way to get out of the fortress of doubt-fallacy

3 *In the Saadh Sangat, the Company of the Holy, fear and doubt depart.* 193

4 *In the Society of the Saints, the Lord dwells in the mind,*
*and pain, suffering, darkness and doubt depart.* 211

5 *Grasping the hem of the robe of the Holy Saint, we cross over the world-ocean.* 219

6 *In the Saadh Sangat, the Company of the Holy, the darkness of doubt is dispelled.*
*O Nanak, the Creator Lord blends us with Himself.* 389

7 *In the Saadh Sangat, the Company of the Holy, we are carried across the terrifying world-ocean.* 517

8 *Seeing that this world on fire, I have hurried to the Sanctuary of the Lord.* 571

9 *I do not know anything about spiritual wisdom, meditation or karma, and my way of life is not clean and pure.*
*Please attach me to the hem of the robe of the Saadh Sangat, the Company of the Holy; help me to cross over the terrible river.* 702

10 *In the Saadh Sangat, the Company of the Holy, fear and doubt are dispelled. My tongue chants the Ambrosial Name of the Lord, Har, Har.* 1149

On the ground the pull of gravity causes the water to flow toward the lower areas. If you want to send the water to a higher place you need a stronger force than the force of gravity, like a motor pump.

In the same way the gravity of materialism causes the mind to be naturally pulled towards the baser passions. To redirect these to a higher level or the spiritual realm you need some other 'divine dynamic force'.

This divine dynamic force is the 'meeting' or 'sangat' of blessed gurmukhs possessing spiritual power.

According to Gurbani without the live 'company of those imbued in truth' possessing spiritual power, it is difficult if not impossible to get out of the quagmire of materialism or the 'terrible ocean'.

ਸਾਧਸੰਗਤਿ ਸਿਉ ਸੰਗੁ ਨ ਕੀਆ ਬਹੁ ਜੋਨੀ ਦੁਖੁ ਪਾਵੈ ॥ (ਪੰਨਾ-੭੭)

**ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ ॥**
**ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ ॥** (ਪੰਨਾ-੨੦੬)

ਖੋਜਤ ਖੋਜਤ ਸੁਨੀ ਇਹ ਸੋਇ ॥
**ਸਾਧਸੰਗਤਿ ਬਿਨੁ ਤਰਿਓ ਨ ਕੋਇ ॥** (ਪੰਨਾ-੩੭੩)

**ਡੋਲਿ ਡੋਲਿ ਮਹਾ ਦੁਖੁ ਪਾਇਆ ਬਿਨਾ ਸਾਧੂ ਸੰਗ ॥** (ਪੰਨਾ-੪੦੫)

ਬਿਨੁ ਸਤਸੰਗ ਸੁਖੁ ਕਿਨੈ ਨ ਪਾਇਆ ਜਾਇ ਪੂਛਹੁ ਬੇਦ ਬੀਚਾਰੁ ॥ (ਪੰਨਾ-੧੨੦੦)

ਦੂਜੇ ਪਾਸੇ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੀ **'ਸਾਧ ਸੰਗਤ'** ਵਿਚ ਵਿਚਰਦਿਆਂ ਹੋਇਆਂ 'ਜੀਵ' ਦੀ **ਬਿਰਤੀ ਦਾ ਸਹਿਜੇ ਹੀ ਮਾਇਆ ਦੇ ਭਰਮਮਈ 'ਜਾਦੂ' ਤੋਂ ਛੁਟਕਾਰਾ ਹੁੰਦਾ ਜਾਂਦਾ ਹੈ ਤੇ ਦੈਵੀ ਮੰਡਲ ਵਲ ਖਿੱਚ ਖਾਣ ਲਗ ਪੈਂਦੀ ਹੈ।**

ਗੁਰਬਾਣੀ ਵਿਚ ਇਸ ਨੁਕਤੇ ਨੂੰ ਇਉਂ ਦ੍ਰਿੜਾਇਆ ਗਿਆ ਹੈ :—

**ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ ॥** (ਪੰਨਾ-੫੨)

**ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ ॥** (ਪੰਨਾ-੧੦੮)

ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ
**ਸਾਧਸੰਗਿ ਮਾਇਆ ਤਰੈ ॥** (ਪੰਨਾ-੨੧੩)

**ਸਾਧ ਕੈ ਸੰਗਿ ਨਹੀ ਕਛੁ ਘਾਲ ॥**
ਦਰਸਨੁ ਭੇਟਤ ਹੋਤ ਨਿਹਾਲ ॥ (ਪੰਨਾ-੨੭੨)

**ਗਈ ਗਿਲਾਨਿ ਸਾਧ ਕੈ ਸੰਗਿ ॥**
**ਮਨੁ ਤਨੁ ਰਾਤੋ ਹਰਿ ਕੈ ਰੰਗਿ ॥** (ਪੰਨਾ-੮੯੨)

**ਸੰਤਸੰਗਤਿ ਮਹਿ ਹੋਇ ਉਧਾਰੁ ॥**
**ਨਾਨਕ ਭਵਜਲੁ ਉਤਰਸਿ ਪਾਰਿ ॥** (ਪੰਨਾ-੯੦੧)

**ਸਾਧਸੰਗਤਿ ਨਿਹਚਉ ਹੈ ਤਰਣਾ ॥** (ਪੰਨਾ-੧੦੭੧)

**ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥** (ਪੰਨਾ-੧੧੯੩)

ਜੇ ਲੋੜਹਿ ਸਦਾ ਸੁਖੁ ਭਾਈ ॥
**ਸਾਧੂ ਸੰਗਤਿ ਗੁਰਹਿ ਬਤਾਈ ॥** (ਪੰਨਾ-੧੧੮੨)

**ਸਾਧੂ ਸੰਗਤਿ ਲਗਿਆ ਤਰਿਆ ਸੰਸਾਰੁ ॥** (ਪੰਨਾ-੧੨੫੧)

**ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥** (ਪੰਨਾ-੧੩੧੬)



1 *He does not join the Saadh Sangat, the Company of the Holy, and he suffers in terrible pain through countless incarnations.77*

2 *Trying all sorts of things, I have grown weary, but still, they will not leave me alone. But I have heard that they can be rooted out, in the Saadh Sangat, the Company of the Holy; and so I seek their Shelter. 206*

3 *By searching and seeking, I have heard this news,*
*that without the Saadh Sangat, the Company of the Holy, no one swims across. 373*

4 *He wavers and falters, and suffers such great pain, without the Saadh Sangat, the Company of the Holy. 405*

5 *Without the Sat Sangat, the True Congregation, no one finds any peace. Go and ask the scholars of the Vedas. 1200*

On the other hand, by abiding in the 'holy company' of guru-orientated beloveds, the consciousness of 'man' spontaneously frees itself from the 'magic' of the whirlpool of materialism and begins to feel the pull from the divine realm.

This point has been stressed upon in Gurbani as follows:-

6 *In the Saadh Sangat, He dwells within the mind, and one's works are brought to perfect fruition. 52*

7 *In the Saadh Sangat, the Company of the Holy, cross over the world-ocean, and the noose of death shall be cut away. 108*

8 *Those, unto whom the Lord shows His Mercy, remain dead while yet alive. In the Saadh Sangat, the Company of the Holy, they cross over the ocean of Maya. 213*

9 *In the Company of the Holy, there is no suffering.*
*The Blessed Vision of their Darshan brings a sublime, happy peace. 272*

10 *In the Saadh Sangat, the Company of the Holy, my aversion is gone.*
*My mind and body are imbued with love for the Lord. 892*

11 *In the Society of the Saints, one is saved.*
*O Nanak, he crosses over the terrifying world-ocean. 901*

12 *In the Saadh Sangat, the Company of the Holy, I am sure to be saved. 1071*

13 *Meeting with the Holy Saints, peace wells up, and all sins are erased. 1193*

14 *If you long for eternal peace, O Siblings of Destiny,*
*then join the Saadh Sangat, the Company of the Holy; this is the Guru's advice. 1182*

15 *Joining the Saadh Sangat, the Company of the Holy, you shall cross over the world-ocean. 1251*

16 *The Sat Sangat, the True Congregation of the True Guru, is the school of the soul, where the Glorious Virtues of the Lord are studied.*

ਪਿਛੇ ਦਸਿਆ ਜਾ ਚੁਕਿਆ ਹੈ—ਰਬ ਤੋਂ **ਸ਼ਰਧਾਹੀਣ-ਬੇਮੁਖ** ਮਨੁਖਾਂ ਦੇ ਮਨ **ਨਿਰਬਲ ਅਤੇ ਚਲਾਇਮਾਨ** ਹੁੰਦੇ ਹਨ ਕਿਉਂਕਿ ਉਹਨਾਂ ਦੀ ਸੁਰਤੀ-ਬਿਰਤੀ ਭਰਮ ਮਈ ਝੂਠੀ ਮਾਇਆ ਵਿਚ ਗਲਤਾਨ ਹੁੰਦੀ **ਹੈ** ਤੇ ਸ਼ਰਧਾ ਭਾਵਨੀ ਦੀਆਂ **'ਜੜਾਂ'** ਰੱਬ ਦੀ ਆਤਮਿਕ ਧਰਤੀ ਵਿਚੋਂ **ਉਖੜੀਆਂ ਹੁੰਦੀਆਂ ਹਨ** ।

ਦੂਜੇ ਪਾਸੇ ਗੁਰਮੁਖ ਪਿਆਰੇ ਬਖਸ਼ੇ ਹੋਏ **ਮਹਾਂਪੁਰਖਾਂ ਦੀਆਂ ਸ਼ਰਧਾ ਭਾਵਨੀ** ਦੀਆਂ ਸੂਖਮ **'ਜੜਾਂ'** ਆਤਮਿਕ ਮੰਡਲ ਦੀ ਧਰਤੀ ਵਿਚ **ਡੂੰਘੀਆਂ ਖੁੱਭੀਆਂ ਹੁੰਦੀਆਂ ਹਨ,** ਜਿਸ ਕਾਰਨ ਉਹਨਾਂ ਦੇ ਮਨਾਂ ਨੂੰ **ਇਹਨਾਂ ਦੈਵੀ ਜੜ੍ਹਾਂ ਰਾਹੀਂ ਆਤਮਿਕ ਸ਼ਕਤੀ ਦੀ ਰੌਂ ਮਿਲਦੀ ਰਹਿੰਦੀ ਹੈ ।** ਤਦੇ ਇਹਨਾਂ ਦਾ ਮਨ 'ਬਲਵਾਨ' ਹੁੰਦਾ ਹੈ ।

**ਐਸੇ ਆਤਮ-ਪ੍ਰਾਇਣ** ਹੋਏ ਬਲਵਾਨ ਮਨਾਂ ਦਾ **ਅਸਰ ਯਾ ਪ੍ਰਭਾਵ,** ਮਾਇਆ ਪ੍ਰਾਇਣ ਹੋਏ ਨਿਰਬਲ ਮਨਾਂ ਤੇ **ਪੈਣਾਂ** ਸੁਭਾਵਿਕ ਅਤੇ ਲਾਜ਼ਮੀ ਹੈ ।

ਗੁਰਬਾਣੀ ਇਸ ਗੱਲ ਦੀ ਇਉਂ ਸਾਖੀ ਭਰਦੀ ਹੈ :—

**ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥** (ਪੰਨਾ-੬੦੮)

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥
**ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥** (ਪੰਨਾ-੮੦੯)

ਧਨੁ ਧਨੁ ਸਾਧ ਜਿਨ ਹਰਿ ਪ੍ਰਭੁ ਜਾਨਿਆ
**ਮਿਲਿ ਸਾਧੂ ਪਤਿਤ ਉਧਰਿਆ ॥੧॥**

ਮਨੂਆ ਚਲੈ ਚਲੈ ਬਹੁ ਬਹੁ ਬਿਧਿ
**ਮਿਲਿ ਸਾਧੂ ਵਸਗਤਿ ਕਰਿਆ ॥** (ਪੰਨਾ-੧੨੯੪)

ਇਹੋ ਜਿਹੇ ਆਤਮ ਜੀਵਨ ਵਾਲੇ ਬਖਸ਼ੇ ਹੋਏ ਗੁਰਮੁਖ ਪਿਆਰੇ 'ਸਾਧ ਸੰਗਤ', 'ਸੰਤ ਮੰਡਲੀ' ਵਿਚ ਇਕੱਠੇ ਹੁੰਦੇ ਹਨ, ਤਾਂ **ਸੰਗਤ ਦੀ ਸਮੁੱਚੀ ਆਤਮਿਕ ਸ਼ਕਤੀ ਬਹੁਤ ਵਧ ਕੇ ਦਾਮਨਿਕ** (dynamic) **ਹੋ ਜਾਂਦੀ ਹੈ ।** ਐਸੀ ਸੱਚੀ-ਸੁੱਚੀ ਸ਼ਕਤੀਸ਼ਾਲੀ **ਆਤਮਿਕ ਜੀਵਨ ਵਾਲੀ 'ਸੰਗਤ' ਨੂੰ 'ਸਾਧ-ਸੰਗਤ' ਅਥਵਾ 'ਸੰਤ-ਸੰਗਤ' ਕਿਹਾ ਜਾ ਸਕਦਾ ਹੈ,** ਜਿਸ ਦਾ ਨਿਰਬਲ ਸ਼ਰਧਾਹੀਣ ਮਨਾਂ ਉਤੇ ਦਾਮਨਿਕ 'ਆਤਮ-ਰੰਗ' ਚੜ੍ਹਨਾ ਲਾਜ਼ਮੀ ਹੈ । ਇਸ **'ਆਤਮਿਕ ਰੰਗ' ਦਾ ਅਸਰ** ਅਭਿਲਾਖੀ ਜਗਿਆਸੂਆਂ ਦੀ ਮਾਇਕੀ ਰੰਗਣ ਉਤੇ ਨਿਰਭਰ ਹੈ । ਜੇ 'ਮਾਇਕੀ ਰੰਗ' ਅਤਿ ਗੂੜ੍ਹਾ ਹੋਵੇ ਤਾਂ 'ਆਤਮ ਰੰਗ' ਦਾ ਅਸਰ **ਘਟ ਅਤੇ ਸਹਿਜੇ-ਸਹਿਜੇ ਚੜ੍ਹਦਾ ਹੈ । ਜੇ 'ਮਾਇਕੀ ਰੰਗ' ਹਲਕਾ ਹੋਵੇ ਤਾਂ ਆਤਮ ਰੰਗ ਗੂੜ੍ਹਾ ਅਤੇ ਛੇਤੀ ਚੜ੍ਹਦਾ ਹੈ ।** ਦੂਜੇ ਪਾਸੇ ਤੀਬਰ ਆਤਮਿਕ ਭੁੱਖ ਵਾਲੇ ਜਗਿਆਸੂ ਦਾ ਜੀਵਨ **'ਆਤਮ-ਛੋਹ' ਲਗਦਿਆਂ ਹੀ ਉਲਟ ਕੇ ਪਲਟ ਕੇ ਮਨਮੁਖ ਤੋਂ ਗੁਰਮੁਖ ਬਣ ਜਾਂਦਾ ਹੈ ।**



It has been stated earlier that the minds of people who turn their backs to God are weak and unstable because their consciousness is engrossed in the false whirlpool of materialism and their faith filled 'roots' have loosened from the spiritual earth of God.

On the other hand, the subtle faith-filled 'roots' of the blessed guru-orientated beloveds remain deeply entrenched in the earth of the spiritual realm by which they continue to receive the flow of divine power through their divine roots. This is why their mind remains 'strong' and resilient.

The effect or influence of such strong and sturdy minds that are steeped in spirituality is bound to take place on the weakened minds that are steeped in materialism.

This is how Gurbani supports this position:-

1 *The Gurmukh saves millions of people, O Siblings of Destiny, blessing them with even a particle of the Name. 608*

2 *This is the Glory of the Saadh Sangat, the Company of the Holy; listen, O my friends.*

3 *Filth is washed away, millions of sins are dispelled, and the consciousness becomes immaculate and pure. 809*

4 *Blessed, blessed are the Holy, who know the Lord God. Meeting with the Holy, even sinners are saved.*
*The mind roams and rambles all around in all directions. Meeting with the Holy, it is overpowered and brought under control. 1294*

Such blessed guru-orientated beloveds, leading a divine life abide together in the 'company of the holy', in the 'realm of saints, and in this state the overall spiritual power increases and becomes dynamic. This kind of power-laden, true-pure, divinely orientated 'company' is called 'sadh-sangat' or the 'company of truth' and it is imminent that their dynamic 'divine-colour' is bound to affect or influence those weak and faith-less minds. The effect of this 'divine-colour' depends on the materialistic colouring of the intending seekers. If the 'materialistic-colour' is deep seated then the effect of the 'divine-colour' is less and takes place slowly. If the 'materialistic-colour' is less then the effect of the divine colour is more rapid and deep. On the other hand the seeker with strong and sharp spiritual hunger, upon receiving the 'divine-touch' will at once bring about a complete summersault in which a manmukh (mind-orientated) becomes a gurmukh (guru-orientated).

ਇਸੇ ਕਰਕੇ ਗੁਰਬਾਣੀ ਵਿਚ ਇਹ ਦਾਅਵਾ ਕੀਤਾ ਹੈ :—

**ਸਾਧ ਕੈ ਸੰਗਿ ਨਹੀ ਕਛੁ ਘਾਲ ॥** (ਪੰਨਾ-੨੭੨)

**ਸਾਧਸੰਗਤਿ ਨਿਹਚਉ ਹੈ ਤਰਣਾ ॥** (ਪੰਨਾ-੧੦੭੧)

ਅਨ ਤੇ ਟੂਟੀਐ ਰਿਖ ਤੇ ਛੂਟੀਐ ॥
**ਮਨ ਹਰਿ ਰਸ ਘੂਟੀਐ ਸੰਗਿ ਸਾਧੂ ਉਲਟੀਐ ॥** (ਪੰਨਾ-੮੩੦)

ਹਾ ਜੀ, ਜੇ ਕਰ **'ਸੰਗਤ' ਕਰਦਿਆਂ ਹੋਇਆਂ**—

ਮਨ ਇਕੱਠਾ ਨਹੀਂ ਹੁੰਦਾ,
ਬਦਲਦਾ ਨਹੀਂ,
ਅੰਤ੍ਰ-ਆਤਮੇ ਖਿੱਚਿਆ ਨਹੀਂ ਜਾਂਦਾ,
ਮੈਂ-ਮੇਰੀ ਤੋਂ ਉਤਾਂਹਾ ਨਹੀਂ ਉਠਦਾ,
ਮਾਇਕੀ ਭਵਜਲ ਵਿਚੋਂ ਨਹੀਂ ਨਿਕਲਦਾ,
ਆਤਮ-ਪ੍ਰਾਇਣ ਨਹੀਂ ਹੁੰਦਾ,
ਰਹਿਸ ਵਿਚ ਨਹੀਂ ਆਉਂਦਾ,
ਆਤਮ-ਰੰਗ ਨਹੀਂ ਚੜ੍ਹਦਾ,
ਆਤਮ-ਰਸ ਨਹੀਂ ਆਉਂਦਾ,
ਪ੍ਰੇਮ ਸਵੈਪਨਾ ਵਿਚ ਮਸਤ ਨਹੀਂ ਹੁੰਦਾ,
'ਤੂੰ ਹੀ'-'ਤੂੰ-ਹੀ' ਵਿਚ ਗਵਾਚਦਾ ਨਹੀਂ,

**ਤਾਂ, ਇਹ 'ਆਤਮ-ਰੌ' ਤੋਂ ਸੱਖਣੇ, ਨਾਮ ਤੋਂ ਟੁਟੇ ਬੇਮੁਖਾਂ-ਮਨਮੁਖਾਂ ਦਾ ਇਕੱਠ ਹੀ ਕਿਹਾ ਜਾ ਸਕਦਾ ਹੈ,** ਜਿਸ ਵਿਚ—

ਮਾਇਆ ਦੀ ਸੜ੍ਹੇਹਾਂਦ ਆਉਂਦੀ ਹੈ,
ਹਉਮੈਂ ਬੜ੍ਹਕਾਂ ਮਾਰਦੀ ਹੈ,
ਮੈਂ-ਮੇਰੀ ਦਾ ਬੋਲ-ਬਾਲਾ ਹੈ,
ਖ਼ੁਦ ਗਰਜ਼ੀ ਦਾ ਵਰਤ-ਵਰਤਾਰਾ ਹੈ,
ਚੌਧਰ ਦੀ ਭੁੱਖ ਹੈ,
ਲਾਲਚ ਦੇ ਕੁੱਤੇ ਭੌਂਕਦੇ ਹਨ,
ਕ੍ਰੋਧ ਦੇ ਭਾਂਬੜ ਭੜਕਦੇ ਹਨ,
ਰੋਸੇ-ਗਿਲੇ ਭਰਪੂਰ ਹਨ,
ਵਾਦ-ਵਿਵਾਦ ਹੁੰਦੇ ਹਨ,
ਵੈਰ-ਵਿਰੋਧ ਵਧਦਾ ਹੈ,
ਲੜਾਈਆਂ-ਝਗੜੇ ਹਨ,
ਖ਼ੂਨ-ਖਰਾਬੇ ਹਨ।



That is why in Gurbani there is a guarantee or claim:-

1 *In the Company of the Holy, there is no suffering. 272*

2 *In the Saadh Sangat, the Company of the Holy, I am sure to be saved. 1071*

3 *I have broken away from the others, and I have been released from the Messenger of Death.*
*O mind, drink in the subtle essence of the Lord; join the Saadh Sangat, the Company of the Holy, and turn away from the world. 830*

Yes, if while participating in a 'sangat' or company-

the mind does not focus,
it does not change,
it is not being attract towards the innate being-ness within,
it cannot rise above me-mine-ness,
it cannot extricate itself from the materialistic ocean of grief,
it cannot flow along the divine path,
it cannot experience the calmness and peace,
it doesn't get imbued with the divine-colour,
it cannot experience the divine relish,
it does not get intoxicated in the love of the Self within,
it doesn't get lost in the 'you are' 'you are',

then this can only be a gathering of mind-orientated apostates who are bereft of the divine flow, who are detached from Naam from them –

the stench of materialism is coming,
egotism is thundering forth,
there is a predominance of me-mineness,
selfishness is operating
there is hunger for positions,
the dog's of greed are barking,
leaping fires of anger are emerging,
annoyance – grievance are ever brimful,
debates take place,
enmity-confrontation keep happening,
fights and quarrels keep taking place,
massacres keep taking place.

L85.15

ਐਸੇ ਮਨੁਖਾਂ ਦਾ ਮੇਲ, **'ਮਾਇਕੀ ਇਕੱਠ'** ਯਾ **'ਕੁਸੰਗਤ'** ਹੀ ਅਖਵਾ ਸਕਦਾ **ਹੈ** ।

ਪਰ **ਅਸੀਂ ਆਪਣੀ ਅਗਿਆਨਤਾ ਵਿਚ ਇਹੋ ਜਿਹੀ 'ਕੁਸੰਗਤ'** ਨੂੰ ਹੀ 'ਸਤ ਸੰਗਤ' ਯਾ 'ਸਾਧ ਸੰਗਤ' **ਸਮਝ ਕੇ,** ਇਸ ਵਿਚ **ਮਨ ਦੀ ਝੂਠੀ ਤਸੱਲੀ ਕਰੀ ਬੈਠੇ ਹਾਂ** ਅਤੇ ਆਪਣੇ **ਜੀਵਨ ਨੂੰ ਗ਼ਲਤ ਸੇਧ ਦੇ** ਰਹੇ **ਹਾਂ ।**

ਕਿਉਂਕਿ ਇਥੇ **'ਸਤ' ਅਥਵਾ 'ਸਚੀ' ਆਤਮਿਕ ਭਾਵਨਾ ਦੀ ਬਜਾਏ,** ਹਉਮੈ ਦੇ ਪ੍ਰਭਾਵ ਹੇਠ ਮੈਂ-ਮੇਰੀ, ਖ਼ੁਦਗਰਜ਼ੀ, ਈਰਖਾ, ਦਵੈਤ, ਵੈਰ-ਵਿਰੋਧ ਦਾ ਹੀ ਬੋਲ-ਬਾਲਾ ਹੈ ਅਤੇ ਇਸ ਨੂੰ 'ਸਤ ਸੰਗਤ' ਅਥਵਾ 'ਸਾਧ ਸੰਗਤ' ਕਹਿਣਾ, ਇਹਨਾਂ ਲਫ਼ਜ਼ਾਂ ਦੀ **ਨਿਰਾਦਰੀ ਕਰਨਾ ਹੈ ।**

ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨ ਕੈ ਨਿਕਟਿ ਨ ਭਿਟੀਐ ॥ (ਪੰਨਾ-੧੭੦)

ਦੂਜੈ ਭਾਇ ਦੁਸਟਾ ਕਾ ਵਾਸਾ ॥
ਭਉਦੇ ਫਿਰਹਿ ਬਹੁ ਮੋਹ ਪਿਆਸਾ ॥
**ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥** (ਪੰਨਾ-੧੦੬੮)

ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ ॥...
**ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ ॥**
(ਪੰਨਾ-੧੨੪੪)

**ਸਚੀ ਬੈਸਕ ਤਿਨ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ ॥**
**ਤਿਨ੍ਹ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ ॥** (ਪੰਨਾ-੫੨੦)

ਚਲਦਾ......



A gathering of such people can only be called 'a materialistic crowd' or negative 'company'.

But we, in our ignorance continue to believe that such a gathering is the 'company of Truth' or 'Sadh Sangat' and by so doing we are giving our mind a false assurance and giving our life the wrong guidance.

This is so because here under the influence of egotism, instead of 'truth' or 'truthful' divine feelings, there is a predominance of me-mineness, selfishness, jealousy, duality, enmity-opposition and to label this to be the 'true company' or the 'company of the holy', is doing injustice to these words.

1 *Such faithless cynics, who have forgotten the Naam, are thieves. O my mind, do not even go near them.* 170

2 *The evil people live in the love of duality.*
*They wander around, totally attached and thirsty.*
*They sit in evil gatherings, and suffer in pain forever; they earn pain, nothing but pain.* 1068

3 *Those who are filled with vicious slander, shall have their noses cut, and be shamed........*
*O Dear Lord, let me not even associate with them; save me from them, O my Sovereign Lord King.* 1244

4 *The true society is the company of those who meditate on the Name of the Lord.*
*Do not associate with those, O Nanak, who look out only for their own interests.* 520

Continued/......... Lekh 86